R. N. 30775/78

Date

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਿਰੀਖਿਅਕ

NIRIKHIAK

ਸੰਪਾਦਕ : ਦਲੀਪ ਸਿੰਘ ਨਾਮਧਾਰੀ

ARTWAYS LDH

ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ।



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

NIRIKHIAK

(Half Yearly)

Office :
The Nirikhiak
E-25, Focal Point
LUDHIANA-141003

Editor :
Dalip Singh

Price Rs. 3/- each

Yearly Rs. 6/-

ਨਿਰੀਖਿਅਕ

ਜਿਲਦ : 1 ਅੰਕ : 2 ੧੬ ਭਾਦਰੋਂ ੨੦੩੫ ਸਿਤੰਬਰ ੭੮

ਕੀ ਕਿਥੇ ?

ਦਲੀਪ ਸਿੰਘ ਨਾਮਧਾਰੀ ਸੰਪਾਦਕ ਪ੍ਰਿੰਟਰਜ਼ ਤੇ ਪਬਲਿਸ਼ਰ ਮਹਿੰਦਰਾ ਆਰਟ ਪ੍ਰੈਸ, ਕਚਿਹਰੀ ਰੋਡ ਤੋਂ ਛਪਵਾ ਕੇ ਦਫਤਰ ਨਿਰੀਖਿਅਕ E-25, ਫ਼ੋਕਲ ਪੋਆਇੰਟ ਲੁਧਿਆਣਾ-3 ਤੋਂ ਪ੍ਰਕਾਸ਼ਤ ਕੀਤਾ।

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਸੰਪਾਦਕੀ :

ਨਿਰੀਖਿਅਕ

ਨਿਰੀਖਿਅਕ ਦਾ ਦੂਜਾ ਅੰਕ ਛਾਪ ਕੇ ਸਾਨੂੰ ਖੁਸ਼ੀ ਹੋ ਰਹੀ ਹੈ ਕਿ ਅਸੀਂ ਆਪਣੇ ਮੰਤਵ ਵਲ ਅਗੇਰੇ ਵਧਣ ਲਈ ਇਕ ਹੋਰ ਕਦਮ ਅਗੇ ਪੁਟਿਆ ਹੈ। ਪਾਠਕਾਂ ਵਲੋਂ ਆਈਆਂ ਚਿੱਠੀਆਂ ਤੇ ਮਿਲੇ ਪ੍ਰੇਮ ਸੁਣੇਹਿਆਂ ਤੋਂ ਇਸ ਦੀ ਪ੍ਰਸਿੱਧਤਾ ਬਾਰੇ ਸੁਣ ਸੁਣ ਕੇ ਮਨ ਪ੍ਰਸੰਨ ਹੋ ਉਠਿਆ ਹੈ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਦੁਆਰਾ ਇਹ ਤੁਹਾਡਾ ਨਿਰੀਖਿਅਕ ਹਦੋਂ ਵਧ ਪਿਆਰਿਆ ਤੇ ਸਤਿਕਾਰਿਆ ਗਿਆ ਹੈ। ਇਹ ਕੋਈ ਘੱਟ ਮਾਨ ਵਾਲੀ ਗੱਲ ਨਹੀਂ ਕਿ ਇੰਨੇ ਥੋੜੇ ਸਮੇਂ ਵਿਚ ਇਸ ਨੇ ਆਪਣੇ ਪਾਠਕਾਂ ਦਾ ਮਨ ਜਿਤਿਆ ਹੈ ਤੇ ਆਪਣਾ ਘੇਰਾ ਵਧਾਇਆ ਹੈ। ਇਸ ਦਾ ਕਾਰਨ ਇਸ ਵਿਚਲਾ ਮੈਟਰ ਜੋ ਕਿ ਜੀਵਨ ਦੇ ਹਰ ਪੱਖ ਨੂੰ ਛੋਂਹਦਾ ਹੋਇਆ ਚਲਾ ਗਿਆ ਹੈ ਅਤੇ ਫਿਰ ਜਿਵੇਂ ਇਸ ਦਾ ਨਾਂ ਨਿਰੀਖਿਅਕ ਹੈ ਤਿਵੇਂ ਇਸ ਨੇ ਸਿਖੀ ਸਿਧਾਂਤ ਵਿਚਲੀ ਅਸਲੀਅਤ ਨਿਧੜਕ ਤੇ ਬੇ-ਖ਼ੌਫ਼ ਹੋ ਕੇ ਦਸਣ ਵਿਚ ਵਿਸ਼ੇਸ਼ ਅਸਥਾਨ ਪ੍ਰਾਪਤ ਕੀਤਾ ਹੈ। ਅਸੀਂ ਗੌਰਵ ਨਾਲ ਇਹ ਕਹਿ ਸਕਦੇ ਹਾਂ ਜੋ ਪੱਖ ਇਸ ਵਿਚ ਪੇਸ਼ ਕੀਤੇ ਜਾ ਸਕਦੇ ਹਨ ਉਹਨਾਂ ਦੀ ਸਚਾਈ ਅਕੱਟ ਹੈ।

ਨਿਰੀਖਿਅਕ ਨੂੰ ਅਸੀਂ ਹੋਰ ਵੀ ਚੰਗੇਰਾ ਬਨਾਉਣਾ ਲੋਚਦੇ ਹਾਂ ਅਤੇ ਇਹ ਸਭ ਕੁਝ ਆਪ ਦੇ ਸਹਿਯੋਗ

ਨਾਲ ਹੀ ਹੋ ਸਕਦਾ ਹੈ। ਤੁਸੀਂ ਨਿਰੀਖਿਅਕ ਨੂੰ ਸੰਪੂਰਨ ਸਹਿਯੋਗ ਦਿਓ ਇਹ ਤੁਸਾਂ ਨੂੰ ਆਪਣਾ ਆਪ ਪੇਸ਼ ਕਰੇਗਾ ਜਿਸ ਤੇ ਤੁਸੀਂ ਗੋਰਵ ਕਰ ਸਕੋਗੇ।

ਪਾਠਕਾਂ ਦੀ ਮੰਗ ਅਨੁਸਾਰ ਅਸੀਂ ਛਿਮਾਹੀ ਤੋਂ ਤਿਮਾਹੀ ਕਰਨ ਵਲ ਤੁਰਨ ਦਾ ਇਰਾਦਾ ਕਰ ਲਿਆ ਹੈ ਅਤੇ ਫਿਰ ਅਖੀਰ ਇਸ ਨੂੰ ਮਾਸਕ ਪੱਤਰ ਬਨਾਉਣਾ ਹੈ। ਅਤੇ ਪੂਰਨ ਆਸ ਕਰਦੇ ਹਾਂ ਕਿ ਇਸ ਸ਼ੁਭ ਕਾਰਜ ਲਈ ਤੁਸੀਂ ਹਰ ਪ੍ਰਕਾਰ ਨਾਲ ਸਾਡੀ ਸਹਾਇਤਾ ਕਰਦੇ ਰਹੋਗੇ '

ਸ੍ਰੀ ਸਤਿਗੁਰੂ ਜੀ ਦੀ ਅਸ਼ੀਰਵਾਦ ਨਾਲ ਤੁਹਾਡਾ ਨਿਰੀਖਿਅਕ ਦਿਨ ਦੁਗਣੀ ਤੇ ਰਾਤ ਚੋਗੁਣੀ ਤਰੱਕੀ ਕਰਦਾ ਵਧਦਾ ਜਾਏ, ਇਹੀ ਸਾਡੀ ਅਰਦਾਸ ਹੈ।

—ਦਲੀਪ ਸਿੰਘ ਨਾਮਧਾਰੀ

ਨਾਮ ਅਤੇ ਮੁਕਤੀ ਦਾਤਾ

ਕੇਵਲ

ਦੇਹਧਾਰੀ ਸਤਿਗੁਰੂ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਭਾਰਤੀ ਪ੍ਰੰਪਰਾ ਅਨੁਸਾਰ ਜੁਗਾਂ ਤੋਂ ਚਲੀ ਆ ਰਹੀ ਇਹ ਮਰਯਾਦਾ ਅਟੱਲ ਹੈ ਕਿ ਹਰ ਪ੍ਰਾਣੀ ਮਾਤ੍ਰ ਦੀ ਕਲਯਾਨ ਦਾ ਸੰਧਨ ਕੇਵਲ ਸਤਿਗੁਰੂ ਹੀ ਹੈ। ਭਾਵੇਂ ਇਸ ਜਗਤ ਵਿਚ ਸਾਧੂ ਮਹਾਤਮਾ ਸਦਾ ਹੀ ਰਹਿੰਦੇ ਹਨ ਅਤੇ ਰਹਿ ਰਹੇ ਹਨ ਜਿਨ੍ਹਾਂ ਰਾਹੀਂ ਅਨੇਕਾਂ ਪੁਰਸ਼ ਪ੍ਰਮੇਸ਼ਰ ਦਾ ਨਾਮ ਲੈ ਕੇ ਸੰਸਾਰ ਦੇ ਆਵਾਗੁਉਣ ਤੋਂ ਛੁਟਕਾਰਾ ਪਾਉਂਦੇ ਹਨ। ਇਨ੍ਹਾਂ ਸੰਤਾਂ ਮਹਾਤਮਾਂ ਨੂੰ 'ਨਿਤ ਅਵਤਾਰ' ਮੰਨਿਆ ਗਿਆ ਹੈ। ਪਰ ਸੰਸਾਰ ਵਿਚ ਪਰਿਵਰਤਨ ਆਉਣਾ ਵੀ ਇਸਦੀ ਇਕ ਮਰਯਾਦਾ ਹੈ। ਅਤੇ ਪਰਿਵਰਤਨ ਕਾਰਣ ਕਈ ਵੇਰ ਸਾਧੂ ਮਹਾਤਮਾ ਇਨੇ ਥੋੜੇ ਰਹਿ ਜਾਂਦੇ ਹਨ ਜਾਂ ਉਹ ਦੁਰਬਲ ਹੋ ਜਾਂਦੇ ਹਨ, ਜਿਸ ਤੋਂ ਇਸ ਤਰਾਂ ਦਾ ਵਾਤਾਵਰਣ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਕੋਈ ਸਾਧੂ ਦੁਨੀਆਂ ਤੇ ਰਿਹਾ ਹੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਵੇਲੇ ਵੀ ਇਕ ਵਾਰੀ ਇਓਂ ਹੀ ਪ੍ਰਤੀਤ ਹੋਇਆ ਸੀ ਜਿਸ ਨੂੰ ਭਾਈ ਗੁਰਦਾਸ ਜੀ ਨੇ ਲਿਖਿਆ ਹੈ—

ਥੰਮੇ ਕੋਇ ਨਾ ਸਾਧ ਬਿਨ
ਸਾਧ ਨ ਦਿਸੈ ਜਗ ਵਿਚ ਕੋਆ ॥

ਐਸੀ ਸਥਿਤੀ ਉਤਪੰਨ ਹੋਣ ਤੇ ਪ੍ਰਮੇਸ਼ਰ ਮਨੁਖ ਰੂਪ 'ਚ ਪ੍ਰਗਟ ਹੋ ਕੇ ਸੰਸਾਰੀ ਜੀਵਾਂ ਨੂੰ ਦੁਰਗਤੀ ਤੋਂ ਬਚਾਉਂਦਾ ਹੈ ਅਤੇ ਸਦਗਤੀ ਪ੍ਰਦਾਣ ਕਰਦਾ ਹੈ। ਉਸਦੀ ਆਪਣੀ ਹੀ ਬਣਾਈ ਹੋਈ ਮਰਯਾਦਾ ਹੈ ਕਿ ਸਭ ਤਰ੍ਹਾਂ ਦੀ ਸਮਰਥਾ ਰਖਦਾ ਹੋਇਆ ਵੀ ਉਹ ਦੇਹਧਾਰ ਕੇ ਹੀ ਇਸ ਸੰਸਾਰ ਵਿਚ ਆਉਂਦਾ ਹੈ ਅਤੇ ਜੀਵਾਂ ਦਾ ਉਧਾਰ ਕਰਦਾ ਹੈ।

ਸੰਸਾਰ ਤੇ ਉਪਦ੍ਰਵ, ਅਨਯਾਇ ਅਧਰਮ ਆਦਿ ਨੂੰ ਰੋਕਣ ਵਾਸਤੇ ਜਦੋਂ ਪ੍ਰਮੇਸ਼ਰ ਦਾ ਅਵਤਾਰ ਹੁੰਦਾ ਹੈ ਤਾ ਉਸਨੂੰ 'ਨਮਿਤ ਅਵਤਾਰ' ਮੰਨਿਆ ਗਿਆ ਹੈ। ਪ੍ਰਮੇਸ਼ਰ ਦਾ ਇਹ 'ਨਮਿਤ ਅਵਤਾਰ' ਮਨੁਖ ਰੂਪ ਵਿਚ ਹੁੰਦਾ ਹੈ ਅਤੇ ਸਾਰੇ ਕਰਤਵਯ, ਹਸਣਾ, ਰੋਣਾ, ਖਾਣਾ ਪੀਣਾ ਆਦਿ ਮਨੁਖਾਂ ਵਾਲੇ ਹੀ ਕਰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ—

ਰਾਮਚੰਦੁ ਕਾਰਣ ਕਰਣ
ਕਾਰਣ ਵਸਿ ਹੋਆ ਦੇਹਿਧਾਰੀ।
ਮੰਨਿ ਮਤੇਈ ਆਗਿਆ,
ਲੈ ਵਣਵਾਸ ਵਢਾਈ ਚਾਰੀ।
ਪਰਸਰਾਮ ਦਾ ਬਲੁ ਹਰੈ,

ਦੀਨ ਦਇਆਲੁ ਗਰਬ ਪਰਹਾਰੀ ।
ਸੀਤਾ ਲਖਮਣ ਸੇਵ ਕਰਿ,
ਜਤੀ ਸਤੀ ਸੇਵਾ ਹਿਤਕਾਰੀ ।
ਰਾਮਾਇਣੁ ਵਰਤਾਇਆ,
ਰਾਮ ਰਾਜੁ ਕਰਿ ਸ੍ਰਿਸਟਿ ਉਧਾਰੀ ।
ਮਰਣੁ ਮੁਣਸਾ ਸਚੁ ਹੈ,
ਸਾਧ ਸੰਗਤਿ ਮਿਲਿ ਪੈਜ ਸਵਾਰੀ ।
ਭਲਿਆਈ ਸਤਿਗੁਰ ਮਤਿ ਸਾਰੀ ।

(ਵਾਰ ੬੧ ਪਉੜੀ ੩੦)

ਸਮਰਥ ਹੁੰਦਿਆਂ ਵੀ ਉਹ ਆਪਣੇ ਬਣਾਏ ਹੋਏ ਕਾਰਣ ਦੇ ਆਪਣੇ ਆਪ ਨੂੰ ਅਧੀਨ ਕਰਦਾ ਹੈ । ਜਿਵੇਂ ਰਾਮ ਚੰਦ੍ਰ ਜੀ ਦੇ ਰੂਪ ਵਿਚ ਕਰਕੇ ਵਿਖਾਇਆ । ਇਸੇ ਕਰਕੇ ਤੁਲਸੀ ਦਾਸ ਜੀ ਨੇ ਰਾਮਾਯਣ ਦਾ ਨਾਮ 'ਰਾਮ ਚਰਿਤ੍ਰ ਮਾਨਸ' ਲਿਖਿਆ ਹੈ । ਯਾਨੀ ਪਰਮੇਸ਼ਰ ਦੇ ਮਨੁਖਾਂ ਵਾਲੇ ਕਰਤੱਵਯ ।

ਭਗਵਾਨ ਰਾਮ ਚੰਦ੍ਰ ਜੀ ਦੇ ਇਤਿਹ ਸ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਰਾਕਸ਼ਾਂ ਦਾ ਪ੍ਰਭਾਵ ਏਨਾ ਵਧ ਗਿਆ ਸੀ ਕਿ ਉਹ ਯਗਯ ਆਦਿ ਸੁਕ੍ਰਿਤ ਕਰਮ ਨਹੀਂ ਸਨ ਕਰਨ ਦਿੰਦੇ । ਜਿਥੇ ਕੋਈ ਐਸਾ ਕਰਦਾ ਸੀ ਓਥੇ ਉਹ ਵਿਘਣ ਪਾਉਂਦੇ ਸਨ । ਵੇਦ ਆਦਿਕ ਧਰਮ ਪੁਸਤਕ ਅਤੇ ਅਨੇਕਾਂ ਤੀਰਥ ਵੀ ਮੌਜੂਦ ਸਨ ਪਰ ਓਨਾਂ ਵਿਚ ਇਹ ਸਮ੍ਰਥਾ ਨਹੀਂ ਸੀ ਕਿ ਉਹ ਯਗਯ ਆਦਿਕ ਸੁਕ੍ਰਿਤ ਕਰਮਾਂ ਨੂੰ ਵਿਘਨ ਕਾਰੀਆਂ ਤੋਂ ਬਚਾ ਸਕਣ । ਭਗਵਾਨ ਰਾਮ ਦੀ ਦੇਹ ਤਾਂ ਆਮ ਮਨੁੱਖਾਂ ਵਰਗੀ ਹੀ ਸੀ ਪਰ ਪ੍ਰਮੇਸ੍ਵਰੀ ਜੋਤ ਹੋਣ ਕਰਕੇ ਉਨ੍ਹਾਂ ਦੀ ਇਹ ਵਿਸ਼ੇਸ਼ਤਾ ਸੀ ਕਿ ਬਾਲ ਅਵਸਥਾ ਵਿਚ ਉਨ੍ਹਾਂ 'ਤਾਰਕਾ' ਨਾਮ ਦੀ ਰਾਕਸ਼ਣੀ (ਜਿਸ ਨੂੰ ਬ੍ਰਹਮਾ ਨੇ ੧੦੦੦ ਹਾਥੀ ਦੇ ਬਲ ਹੋਣ ਦਾ ਵਰ ਦਿਤਾ ਸੀ) ਨੂੰ ਮਾਰਕੇ ਯਗਯ ਨੂੰ ਵਿਘਨ ਪੈਣ ਤੋਂ ਬਚਾਇਆ ।

ਭਗਵਾਨ ਕ੍ਰਿਸ਼ਨ ਦੇ ਇਸੇ ਤਰ੍ਹਾਂ ਦੇ ਕਿਤਨੇ ਹੀ ਚਰਿਤ੍ਰ ਹਨ । ਜਿਨ੍ਹਾਂ ਦੀ ਪੁਸ਼ਟੀ ਦਸਮ ਗ੍ਰੰਥ ਵਿਚੋਂ ਮਿਲਦੀ ਹੈ । ਕ੍ਰਿਸ਼ਨ ਜੀ ਜਦੋਂ ਮਥਰਾ ਗਏ ਤਾਂ ਕੰਸ ਨੇ ਉਨ੍ਹਾਂ ਨੂੰ ਮਾਰ ਦੇਣ ਲਈ ਕਈ ਉਪਾਉ ਕੀਤੇ ਉਨ੍ਹਾਂ ਵਿਚੋਂ ਇਕ 'ਕੁਵਲੀਆ ਪੀੜ' ਹਾਥੀ ਨੂੰ ਉਨ੍ਹਾਂ ਨਾਲ ਲੜਾਉਣ ਦਾ ਸੀ । ਉਸਨੇ ਇਹ ਸੋਚਕੇ ਕਿ ਇਹ ਹਾਥੀ ਇਨ੍ਹਾਂ ਨੂੰ ਮਾਰ ਦੇਵੇਗਾ, ਭਗਵਾਨ ਕ੍ਰਿਸ਼ਨ ਦੇ ਉਤੇ ਇਸ ਨੂੰ ਛਡ ਦਿਤਾ । ਭਗਵਾਣ ਨੇ ਇਸ ਦੇ ਦੋਵੇਂ ਦੰਦ ਉਖੇੜ ਕੇ ਓਨ੍ਹਾਂ ਨਾਲ ਹੀ ਇਸ ਨੂੰ ਮਾਰ ਦਿਤਾ । ਦਸਮ ਪਾਤਸ਼ਾਹ ਲਿਖਦੇ ਹਨ—

ਕੋਪੁ ਕਰਯੋ ਮਨ ਮੈ ਹਰਿ ਜੂ,
ਤਿਹ ਕੋ ਤਬ ਦਾਂਤ ਉਖਾਰ ਲਯੋ ਹੈ ।
ਏਕ ਦਈ ਗਜ ਸੁੰਡ ਬਿਖੈ,
ਕੁਪਿ ਦੂਸਰ ਸੀਸ ਕੇ ਬੀਚ ਦਯੋ ਹੈ ।
ਚੋਟ ਲਗੈ ਸਿਰ ਬੀਚ ਘਨੀ,
ਧਰਨੀ ਪਰ ਸੋ ਮੁਰਝਾਇ ਪਯੋ ਹੈ ।
ਸੋ ਮਰਗਯੋ ਰਿਪਕੇ ਬਧ ਕੋ,
ਮਥਰਾ ਕੇ ਕੋ ਆਗਮ ਆਜ ਭਯੋ ਹੈ ।।੮੪੭।।

(ਕ੍ਰਿਸ਼ਨ ਅਵਤਾਰ-ਸ੍ਰੀ ਦਸਮ ਗ੍ਰੰਥ)

ਇਸ ਘਟਨਾਂ ਦੀ ਪੁਸ਼ਟੀ ਆਦਿ ਸ੍ਰੀ ਗ੍ਰੰਥ ਸਾਹਿਬ ਵਿਚੋਂ ਵੀ ਮਿਲਦੀ ਹੈ । ਸ੍ਰੀ ਗੁਰੂ ਰਾਮਦਾਸ ਜੀ ਲਿਖਦੇ ਹਨ—

ਆਪੇ ਸਾਵਲ ਸੁੰਦਰਾ ਪਿਆਰਾ,
ਆਪੇ ਵੰਸੁ ਵਜਾਹਾ ।
ਕੁਵਲੀਆ ਪੀੜ ਆਪ ਮਰਾਇਦਾ,
ਪਿਆਰਾ ਕਰਿ ਬਾਲਕ ਰੂਪ ਪਚਾਹਾ ।

(ਸੋਰਠਿ ਮਹਲਾ ੪—ਪੰਨਾ ੬੦੬)

ਭਗਵਾਨ ਕ੍ਰਿਸ਼ਨ ਦੀ ਵੀ ਬਾਲ ਅਵਸਥਾ ਸੀ ਉਹ ਬਾਲਕਾਂ ਵਾਲੀਆਂ ਕਈ ਖੇਡਾਂ ਵੀ ਕਰਦੇ ਰਹੇ । ਪਰ ਇਸ ਘਟਨਾਂ ਵਿਚ ਜੋ ਇਤਨਾ ਬਲ ਦਰਸਾਇਆ ਗਿਆ ਹੈ ਇਹ ਉਨ੍ਹਾਂ ਦੇ ਈਸ਼੍ਵਰੀ ਜੋਤ ਹੋਣ ਦਾ ਹੀ ਪ੍ਰਤੀਕ ਹੈ ।

ਵੇਦਾਂ ਦੀ ਰਚਨਾਂ ਕਿਹੜੇ ਸਾਲ ਵਿਚ ਹੋਈ ਹੈ ਇਹ ਕੋਈ ਨਹੀਂ ਜਾਣਦਾ ਅਨੇਕਾਂ ਤੀਰ੍ਥ ਹਨ ਪਰ ਪ੍ਰਸਿਧ ੬੮ ਹਨ । ਇਹ ਵੀ ਅਨਜਾਣੇ ਸਮੇਂ ਤੋਂ ਹੋਂਦ

ਵਿਚ ਆਏ ਅਤੇ ਇਨ੍ਹਾਂ ਦੀ ਮਾਨਤਾ ਵੀ ਓਦੋਂ ਦੀ ਚਲੀ ਆ ਰਹੀ ਹੈ। ਇਹ ਸਭ ਕੁਛ ਹੁੰਦਿਆਂ ਵੀ ਸਮੇਂ ਦੀਆਂ ਲੋੜਾਂ ਅਨੁਸਾਰ ਅਕਾਲ ਪੁਰਖ ਨੇ ਆਪਣੇ ਸਰੂਪ ਧਾਰ ਧਾਰ ਕੇ ਜੀਵਾਂ ਨੂੰ ਨਾਮ ਦਾਨ ਅਤੇ ਮੁਕਤੀ ਦਾਨ ਦਿਤਾ ਇਸ ਦੀ ਗਵਾਹੀ ਵੇਦਾਂ ਸ਼ਾਸਤ੍ਰਾਂ ਆਦਿ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ ਵਿਚੋਂ ਮਿਲਦੀ ਹੈ।

ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਸਤਿਜੁਗ ਤ੍ਰੇਤਾ ਦੁਆਪੁਰ ਅਤੇ ਕਲਿਜੁਗ, ਜੁਗਾ ਦੇ ਕ੍ਰਮ ਅਨੁਸਾਰ ਬਲ, ਰਾਮ ਕ੍ਰਿਸ਼ਨ ਅਵਤਾਰ ਅਤੇ ਕਲਿਜੁਗ ਵਿਚ ਸ੍ਰੀ ਗੁਰੂ ਨਾਨਕ ਅਵਤਾਰ ਦਾ ਹੋਣਾ ਮੰਨਿਆ ਹੈ ਅਤੇ ਸ੍ਰੀ ਗੁਰੂ ਨਾਨਕ ਜੀ ਦੀ ਗਦੀ ਸਦਾ ਚਲਦੀ ਰਹਿਣ ਬਾਰੇ ਆਦਿ ਪੁਰਖ (ਅਕਾਲ ਪੁਰਖ) ਦਾ ਵਾਕ ਭੱਟਾਂ ਨੇ ਲਿਖਿਆ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਦੇਹਧਾਰੀ ਸਤਿ-ਗੁਰੂ ਦੀ ਪੀੜ੍ਹੀ ਚਲਦੀ ਰਹਿਣ ਬਾਰੇ ਸਪਸ਼ਟ ਲਿਖਿਆ ਹੈ—

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ,
ਸਦ ਪੀੜ੍ਹੀ ਗੁਰੂ ਚਲੰਦੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੂਜਰੀ ਰਾਗ ਵਿਚ ਫਰਮਾਇਆ ਹੈ—

ਅਬਚਲ ਨੀਵ ਧਰੀ ਗੁਰ ਨਾਨਕ,
ਨਿਤ ਨਿਤ ਚੜ੍ਹੈ ਸਵਾਈ।

ਸਤਿਗੁਰੂ ਦੀ ਪੀੜ੍ਹੀ ਸਦਾ ਚਲਦੀ ਰਹਿਣ ਦੀ ਲੋੜ ਇਸ ਕਰਕੇ ਹੈ ਕਿ ਜੀਵਾਂ ਤੋਂ ਗੁਨਾਹ ਹੁੰਦੇ ਰਹਿੰਦੇ ਹਨ। ਜੇ ਕੋਈ ਇਕ ਸਤਿਗੁਰੂ ਦੇ ਸਮੇਂ ਕਿਸੇ ਕਾਰਣ ਬਖਸ਼ੇ ਨਹੀਂ ਗਏ ਤਾਂ ਉਸ ਗਦੀ ਤੇ ਬਿਰਾਜ ਮਾਨ ਹੋਏ ਅਗਲੇ ਸਤਿਗੁਰੂ ਨੇ ਉਨ੍ਹਾਂ ਤੇ ਕਿਰਪਾ ਕਰ ਦਿਤੀ। ਇਸ ਦੀ ਸ਼ਹਾਦਤ ਆਦਿ ਸ੍ਰੀ ਗ੍ਰੰਥ ਸਾਹਿਬ ਵਿਚੋਂ ਹੀ ਮਿਲਦੀ ਹੈ—

ਗੁਰਿ ਬਾਬੈ ਫਿਟਕੇ ਸੇਫਿਟੇ,
ਗੁਰਿ ਅੰਗਦਿ ਕੀਤੇ ਕੂੜਿਆਰੇ।
ਗੁਰਿ ਤੀਜੀ ਪੀੜੀ ਵੀਚਾਰਿਆ,
ਕਿਆ ਹਥਿ ਏਨਾ ਵੇਚਾਰੇ।
ਗੁਰੁ ਚਉਥੀ ਪੀੜੀ ਟਿਕਿਆ,
ਤਿਨਿ ਨਿੰਦਕ ਦੁਸਟ ਸਭਿ ਤਾਰੇ।

(ਗਉੜੀ ਕੀ ਵਾਰ ਮਹਲਾ ੪-ਪੰਨਾ ੩੦੭)

ਸਤਿਗੁਰੂ ਦੀ ਪੀੜ੍ਹੀ ਸਦਾ ਚਲਦੀ ਹੈ ਇਸ ਸਿਧਾਂਤ ਦੀ ਪੁਸ਼ਟੀ ਕਿਤਨੇ ਸਰਲ ਸ਼ਬਦਾਂ ਵਿਚ ਅੰਕਿਤ ਕੀਤੀ ਗਈ ਹੈ।

ਪਿਛਲੇ ਜੁਗਾਂ ਵਿਚ ਭਾਵੇਂ ਨਾਮ ਜਪਿਆ ਜਾਂਦਾ ਸੀ ਪਰ ਹੋਰ ਕਰਮ ਵੀ ਜ਼ਰੂਰੀ ਕੀਤੇ ਜਾਂਦੇ ਸਨ। ਓਨਾਂ ਜੁਗਾਂ ਵਿਚ ਓਨਾਂ ਕਰਮਾਂ ਦੀ ਪ੍ਰਧਾਨਤਾ ਸੀ। ਪਰ ਕਲਿਜੁਗ ਵਿਚ ਨਾਮ ਜਪਣਾ ਸਭ ਤੋਂ ਸ੍ਰੇਸ਼ਟ ਹੈ।

ਆਦਿ ਸ੍ਰੀ ਗ੍ਰੰਥ ਸਾਹਿਬ ਜੁਗਾਂ ਦੇ ਕਰਮਾਂ ਦੀ ਵੰਡ ਕਰਦਿਆਂ ਗਉੜੀ ਰਾਗ ਵਿਚ ਰਵਿਦਾਸ ਜੀ ਨੇ ਲਿਖਿਆ ਹੈ—

ਸਤਿਜੁਗਿ ਸਤੁ ਤੇਤਾ ਜਗੀ,
ਦੁਆਪਰਿ ਪੂਜਾ ਚਾਰ।
ਤੀਨੌ ਜੁਗ ਤੀਨੌ ਦਿੜੇ,
ਕਲਿ ਕੇਵਲ ਨਾਮ ਅਧਾਰ।

(ਪੰਨਾ ੩੪੬)

ਇਸੇ ਸਿਧਾਂਤ ਦੀ ਪੁਸ਼ਟੀ ਭਾਈ ਗੁਰਦਾਸ ਜੀ ਇਨ੍ਹਾਂ ਸ਼ਬਦਾਂ ਦੁਆਰਾ ਕਰਦੇ ਹਨ—

ਸਤਿਜੁਗ ਸਤਿ ਤ੍ਰੇਤੈ ਜਗਾ,
ਦੁਆਪੁਰਿ ਪੂਜਾ ਬਹਲੀ ਘਾਲਾ।
ਕਲਿਜੁਗਿ ਗੁਰਮੁਖਿ ਨਾਉ ਲੈ,
ਪਾਰਿ ਪਵੈ ਭਵਜਲ ਭਰਨਾਲਾ।

(ਵਾਰ ੨੬ ਪਉੜੀ ੮)

ਸ੍ਰੀ ਗੁਰੂ ਤੇਗ਼ ਬਹਾਦਰ ਜੀ ਸੋਰਠ ਵਿਚ ਫੁਰਮਾਉਂਦੇ ਹਨ—

ਕਲ ਮੈ ਏਕੁ ਨਾਮੁ ਕਿਰਪਾ ਨਿਧਿ,
ਜਾਹਿ ਜਪੈ ਗਤਿ ਪਾਵੈ।

(ਪੰਨਾ ੬੩੨)

ਪ੍ਰਸ਼ਨ ਇਹ ਹੈ ਕਿ ਜਿਸ ਨਾਮ ਨਾਲ ਇਸ

ਕਲਿਜੁਗ ਵਿਚ ਕਲਿਆਣ ਹੋਣੀ ਹੈ ਉਹ ਮਿਲਦਾ ਕਿਥੋਂ ਹੈ ? ਭਾਵੇਂ ਹੋਰ ਕਈ ਮਤ ਇਸੇ ਵੀਚਾਰ ਧਾਰਾ ਵਾਲੇ ਹਨ ਪਰ ਇਥੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚੋਂ ਹੀ ਉਦਾਹਰਣ ਦਿਤੇ ਜਾਂਦੇ ਹਨ ਕਿ ਨਾਮ ਦੀ ਪ੍ਰਾਪਤੀ ਕੇਵਲ ਦੇਹਧਾਰਾਂ ਸਤਿਗੁਰੂ ਪਾਸੋਂ ਹੀ ਹੋ ਸਕਦੀ ਹੈ ਅਤੇ ਅਗਿਆਨ ਨਾਸਕ ਵੀ ਦੇਹਧਾਰੀ ਸਤਿਗੁਰੂ ਹੀ ਹੈ।

ਅਜਕਲ ਸਤਿਗੁਰੂ ਸ਼ਬਦ ਕਈ ਆਦਿ ਸ੍ਰੀ ਗ੍ਰੰਥ ਸਾਹਿਬ ਵਾਸਤੇ ਵਰਤਣ ਲਗ ਪਏ ਹਨ ਜੋ ਕਿ ਭਾਰੀ ਭੁਲ ਹੈ। ਸਤਿਗੁਰ, ਜਾਂ ਗੁਰੂ ਸ਼ਬਦ ਦੀ ਵਿਆਖਯਾ ਦੇਹਧਾਰੀ ਤੇ ਹੀ ਘਟਦੀ ਹੈ। ਜਿਨ੍ਹਾਂ ਸਤਿਗੁਰਾਂ ਦੀ ਬਾਣੀ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਹੈ ਓਨ੍ਹਾਂ ਦੇ ਵੇਲੇ ਦੇਹਧਾਰੀ ਸਤਿਗੁਰੂ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਦੇ ਸਤਿਗੁਰੂ ਦੀ ਵੀਚਾਰ ਦੀ ਉਪਜ ਹੀ ਨਹੀਂ ਸੀ। ਬਲਕਿ ਆਦਿ ਸ੍ਰੀ ਗਰੰਥ ਸਾਹਿਬ ਵਿਚੋਂ ਇਹ ਸੰਕੇਤ ਮਿਲਦਾ ਹੈ ਜੇ ਕੋਈ ਵਸਤੂ ਜੀਵਾਤਮਾਂ ਰਹਿਤ ਹੈ, (ਉਹ ਗਰੰਥ ਸਾਹਿਬ ਹੋਵੇ ਜਾਂ ਕੁਛ ਹੋਰ) ਉਜਦੀ ਪੂਜਾ ਕਰਨੀ ਨਿਸਫਲ ਹੈ। ਅਤੇ ਨਾਲ ਹੀ ਲਿਖਿਆ ਹੈ ਕਿ ਸਤਿਗੁਰੂ ਬੋਲਣ ਵਾਲਾ ਹੈ ਉਹ ਅੰਮ੍ਰਿਤ ਬਚਨ ਸੁਣਾਉਂਦਾ ਹੈ—

ਭਰਮਿ ਭੂਲੇ ਅਗਿਆਨੀ ਅੰਧੁਲੇ,
ਭ੍ਰਮਿ ਭ੍ਰਮਿ ਫੂਲ ਤੋਰਾਵੈ।
ਨਿਰਜੀਉ ਪੂਜਹਿ ਮੜ੍ਹਾ ਸਰੇਵਹਿ,
ਸਭ ਬਿਰਥੀ ਘਾਲ ਗਵਾਵੈ।
ਬ੍ਰਹਮ ਬਿੰਦੇ ਸੋ ਸਤਿਗੁਰ ਕਹੀਐ
ਹਰਿ ਹਰਿ ਕਥਾ ਸੁਣਾਵੈ
ਤਿਸ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ,
ਬਹੁ ਬਿਧਿ ਸਤਿ ਕਰਿ ਮੁਖ ਸੰਚਹੁ,
ਤਿਸ ਪੁੰਨ ਕੀ ਫਿਰਿ ਤੋਟਿ ਨ ਆਵੈ।
ਸਤਿਗੁਰ ਦੇਉ ਪਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ।

(ਮਲਾਰ ਮਹਲਾ ੪ ਪੰਨਾ ੧੨੬੪)

ਸੋ ਦੇਹਧਾਰੀ ਤੋਂ ਬਿਨਾਂ ਕਿਸੇ ਬੇ-ਜਾਨ ਵਸਤੂ ਨੂੰ ਸਤਿਗੁਰੂ ਕਲਪਣਾ ਅਗਿਆਨਤਾ ਹੈ ਅਤੇ ਆਦਿ ਸ੍ਰੀ ਗਰੰਥ ਸਾਹਿਬ ਵਿਚ ਅੰਕਿਤ ਸਾਰੇ ਸਤਿਗੁਰਾਂ ਦੀ ਬਾਣੀ ਦੀ ਉਲੰਘਣਾ ਹੈ। ਸੋ ਨਾਮ ਦਾਤਾ ਦੇਹਧਾਰੀ ਸਤਿਗੁਰੂ ਹੀ ਹੈ ਅਤੇ ਮਨ ਦਾ ਅਗਿਆਨ ਵੀ ਉਹੋ ਹੀ ਨਾਸ ਕਰਨ ਯੋਗ ਹੈ। ਇਸ ਸੰਬੰਧ ਵਿਚ ਆਦਿ ਸ੍ਰੀ ਗਰੰਥ ਵਿਚੋਂ ਨਿਮਨ ਲਿਖਿਤ ਪ੍ਰਮਾਣ ਅੰਕਿਤ ਕੀਤੇ ਜਾਂਦੇ ਹਨ।

ਬਿਨੁ ਸਤਿਗੁਰ ਨਾਉ ਨ ਪਾਈਐ,
ਬਿਨੁ ਨਾਵੈ ਕਿਆ ਸੁਆਉ।

(ਸ੍ਰੀ ਰਾਗ ਮਹਲਾ ੧—ਪੰਨਾ ੫੮)

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ
ਬਿਨੁ ਨਾਮੈ ਭਰਮ ਨ ਜਾਈ।

(ਸੋਰਠਿ ਮਹਲਾ ੧ ਪੰਨਾ ੬੩੫)

ਗੁਰ ਕੁੰਜੀ ਪਾਹੂ ਨਿਵਲ ਮਨਿ ਕੋਠਾ ਤਨ ਛਤ।
ਨਾਨਕ ਗੁਰ ਬਿਨੁ ਮਨ ਕਾ ਤਾਕ ਨ
ਉਘੜੈ ਅਵਰ ਨਾ ਕੁੰਜੀ ਹਥ।

(ਸਾਰੰਗ ਵਾਰ ਮਹਲਾ ੨—ਪੰਨਾ ੧੨੩)

ਬਿਨੁ ਸਤਿਗੁਰ ਦਾਤਾ ਕੋ ਨਹੀ
ਜੋ ਹਰਿ ਨਾਮੈ ਦੇਇ ਆਧਾਰੁ

(ਸਲੋਕ ਵਾਰਾਂ ਤੇ ਵਧੀਕ ਮਹਲਾ ੩-
ਪੰਨਾ ੧੪੨੭)

ਬਿਨੁ ਸਤਿਗੁਰ ਹਰਿ ਨਾਮ ਨ ਲਭਈ
ਲਖ ਕੋਟੀ ਕਰਮ ਕਮਾਉ

ਸ੍ਰੀ ਰਾਗ ਮਹਲਾ ੪-ਪੰਨਾ ੪੦)

ਬਿਨੁ ਗੁਰ ਦੀਖਿਆ ਕੈਸੇ ਗਿਆਨੁ।

(ਮਲਾਰ ਮਹਲਾ ੫-ਪੰਨਾ ੧੧੪੦)

ਨਾਰਦ ਕਹਤ ਸੁਨਤ ਧ੍ਰੂਅ ਬਾਰਿਕ
ਭਜਨ ਮਾਹਿ ਲਪਟਾਨੋ।

(ਬਿਲਾਵਲ ਮਹਲਾ ੯-ਪੰਨਾ ੮੩੦)

ਕਲਿ ਮੈ ਮੁਕਤਿ ਨਾਮ ਤੇ ਪਾਵਤ
ਗੁਰ ਯਹ ਭੇਦੁ ਬਤਾਵੈ।

ਬਿਲਾਵਲੁ ਮਹਲਾ ੯-ਪੰਨਾ ੮੩੧)

ਆਦਿ ਸ੍ਰੀ ਗਰੰਥ ਸਾਹਿਬ ਵਿਚ ਸਤਿਗੁਰਾਂ ਨੇ ਭਗਤਾਂ ਦੀ ਬਾਣੀ ਵੀ ਦਰਜ ਕੀਤੀ ਹੈ। ਸਤਿਗੁਰਾਂ ਦੀ ਬਾਣੀ ਦੀ ਮਾਨਤਾ ਤਾਂ ਸਰਬ ਸ੍ਰੇਸ਼ਟ ਹੈ ਹੀ, ਪਰ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਲਈ ਭਗਤਾਂ ਦੀ ਬਾਣੀ ਵਿਚੋਂ ਵੀ ਕੁਛ ਨਿਮਨ ਲਿਖਤ ਉਦਾਹਰਣ ਦਿਤੇ ਜਾਂਦੇ ਹਨ ਜੋ ਏਸੇ ਸਿਧਾਂਤ ਦੀ ਪੁਸ਼ਟੀ ਕਰਦੇ ਹਨ—

ਮੇਰੋ ਮਨ ਮਨਹੀ ਉਲਟ ਸਮਾਨਾ।
ਗੁਰਪਰਸਾਦਿ ਅਕਲ ਭਈ ਅਵਰੈ
ਨਾ ਤਰੁ ਥਾ ਬੇਗਾਨਾ

(ਗਉੜੀ ਕਬੀਰ ਜੀ ਪੰਨਾ ੩੩੩)

ਛੀਪੇ ਕੇ ਘਰਿ ਜਨਮੁ ਦੈਲਾ
ਗੁਰ ਉਪਦੇਸੁ ਭੈਲਾ।
ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ

(ਆਸਾ ਨਾਮਦੇਵ ਪੰਨਾ ੪੮੬)

ਜਨ ਰਵਿਦਾਸ ਰਾਮ ਰੰਗਿ ਰਾਤਾ।
ਇਉ ਗੁਰਪ੍ਰਸਾਦਿ ਨਰਕ ਨਹੀ ਜਾਤਾ।

(ਆਸਾ ਰਵਿਦਾਸ ਪੰਨਾ ੬੮੭)

ਗਿਆਨੁ ਪ੍ਰਵੇਸ ਗੁਰਹਿ ਧਨੁ ਦੀਆ
ਧਿਆਨ ਮਾਨ ਮਨ ਏਕ ਮਏ।
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ
ਤ੍ਰਿਪਤਿ ਅਘਾਨੇ ਮੁਕਤਿ ਭਏ।

(ਆਸਾ ਧੰਨਾ ਪੰਨਾ ੪੮੭)

ਭੂਮਿਮਸਾਣ ਕੀ ਭਸਮਿ ਲਗਾਈ
ਗੁਰਬਿਨੁ ਤਤੁ ਨ ਪਾਇਆ।

(ਗੂਜਰੀ ਤ੍ਰਲੋਚਨ ਪੰਨਾ ੫੨੬)

ਹਰਿ ਕਾ ਨਾਮੁ ਅੰਮ੍ਰਿਤ ਜਲ ਨਿਰਮਲ
ਇਹ ਅਉਖਧ ਜਗ ਸਾਰਾ।
ਗੁਰ ਪ੍ਰਸਾਦਿ ਕਹੈ ਜਨ ਭੀਖਨ
ਪਾਵਉ ਮੋਖ ਦੁਆਰਾ।

(ਸੋਰਠਿ ਭੀਖਨ ਪੰਨਾ ੬੫੯)

ਆਦਿ ਸ੍ਰੀ ਗਰੰਥ ਸਾਹਿਬ ਵਿਚ ਸਤਿਗੁਰੂ ਪਾਸੋਂ ਹੀ ਨਾਮ ਮਿਲ ਸਕਣ, ਅਗਿਆਨ ਦੂਰ ਕਰਨ ਅਤੇ ਮੁਕਤੀ ਪ੍ਰਾਪਤ ਕਰਨ ਸੰਬੰਧੀ ਅਣਗਿਣਤ ਪ੍ਰਮਾਣ ਹਨ ਅਤੇ ਇਸ ਸਿਧਾਂਤ ਦੀ ਪੁਸ਼ਟੀ ਜਗਾ ਜਗਾ ਤੇ ਮਿਲਦੀ ਹੈ। ਉਪ੍ਰੋਕਤ ਪ੍ਰਮਾਣ ਕੇਵਲ ਨਮੂਨੇ ਮਾਤਰ ਲਿਖੇ ਗਏ ਹਨ।

ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ ਅਤੇ ਉਨ੍ਹਾਂ ਨੇ ਆਪ ਹੀ ਇਸ ਸਿਧਾਂਤ ਦੀ ਨੀਂਹ ਵੀ ਰਖੀ ਕਿ ਗਰੰਥ ਪੋਥੀਆਂ ਪੜ੍ਹਨ ਨਾਲ ਅਗਿਆਨ ਦੂਰ ਨਹੀਂ ਹੁੰਦਾ, ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਤਤ ਵਸਤੂ ਨੂੰ ਜਾਨਣ ਵਾਸਤੇ ਦੇਹਧਾਰੀ ਸਤਿਗੁਰੂ ਦੀ ਲੋੜ ਹੈ। ਆਖ ਜੀ ਨੇ ਬਹੁਤਾ ਪੜ੍ਹਨ ਨੂੰ ਮਨੁਖ ਲਈ ਲਾਭਕਾਰੀ ਨਹੀਂ ਮੰਨਿਆ, ਕਿਓਂ ਕਿ ਪੁਸਤਕ ਪਾਸੋਂ ਪੜ੍ਹਨ ਤੋਂ ਬਿਨਾਂ ਹੋਰ ਕਿਸੇ ਚੀਜ਼ ਦੀ ਪ੍ਰਾਪਤੀ ਨਹੀਂ। ਆਪ ਜੀ ਨੇ ਆਸਾ ਦੀ ਵਾਰ ਵਿਚ ਲਿਖਿਆ ਹੈ—

ਪੜਿ ਪੜਿ ਗਡੀ ਲਦੀਅਹਿ,
ਪੜਿ ਪੜਿ ਭਰੀਅਹਿ ਸਾਥ।
ਪੜਿ ਪੜਿ ਬੇੜੀ ਪਾਈਅਹਿ,
ਪੜਿ ਪੜਿ ਗਡੀਅਹਿ ਖਾਤ।
ਪੜੀਅਹਿ ਜੇਤੇ ਬਰਸ ਬਰਸ,
ਪੜੀਅਹਿ ਜੇਤੇ ਮਾਸ।
ਪੜੀਅਹਿ ਜੇਤੀ ਆਰਜਾ,
ਪੜੀਅਹਿ ਜੇਤੇ ਸਾਸ।

ਪੁਸਤਕਾਂ ਦੇ ਪੜ੍ਹਨ ਸੁਣਨ ਤੋਂ ਪੁਰਸ਼ ਨੂੰ ਸਾਰ ਵਸਤੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪੁਸਤਕਾਂ ਵਿਚ ਕਈ ਵਾਰੀ ਇਕ ਜਗਾ ਜੋ ਕੁਛ ਲਿਖਿਆ ਮਿਲਦਾ ਹੈ, ਦੂਸਰੀ ਜਗਾ ਉਸਦੇ ਵਿਰੁਧ ਹੁੰਦਾ ਹੈ। ਕਿਉਂ ਕਿ ਪੁਸਤਕ ਬੋਲ ਕੇ ਨਹੀਂ ਦਸ ਸਕਦੀ ਕਿ ਪਹਿਲੇ ਜੋ ਕੁਛ ਲਿਖਿਆ ਸੀ ਓਹ ਇਸ ਘਟਨਾਂ ਨਾਲ ਸੰਬੰਧਿਤ ਸੀ ਦੂਜੀ ਵਾਰੀ ਦਾ ਲਿਖਿਆ ਦੂਜੀ ਘਟਨਾ ਨਾਲ ਸੰਬੰਧਿਤ ਹੈ, ਉਸ ਦਾ ਸਮਾਂ ਹੋਰ ਸੀ ਅਤੇ ਦੂਜੀ ਦਾ

(ਬਾਕੀ ਦੇਖੋ ਸਫਾ ੧੨ ਤੇ)

"ਜਿਚਰ ਧਰੇ ਨ ਗੁਰ ਅਵਤਾਰਾ"

ਜਸਵਿੰਦਰ ਸਿੰਘ
ਗੁਰੂ ਗੋਬਿੰਦ ਸਿੰਘ ਸਟੱਡੀ ਐਸੋਸੀਏਸ਼ਨ, ਦਿੱਲੀ

ਦੁਨੀਆਂ ਵਿਚ ਜਦੋਂ ਤੋਂ ਸਮਾਜ ਹੋਂਦ ਵਿਚ ਆਇਆ ਹੈ ਅਤੇ ਮਨੁੱਖ ਨੇ ਆਪਸ ਵਿਚ ਮਿਲ ਕੇ ਰਹਿਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਹੀ ਅਗਵਾਈ ਦਾ ਸਿਲਸਿਲਾ ਸ਼ੁਰੂ ਹੋਇਆ ਹੈ। ਅਗਵਾਈ ਭਾਵੇਂ ਕਿਸੇ ਖੇਤਰ ਵਿਚ ਹੋਵੇ, ਇਸ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਇਹ ਇਕ ਜ਼ਰੂਰੀ ਅੰਗ ਬਣ ਗਈ ਹੈ। ਰਾਜਨੀਤੀ ਦੇ ਖੇਤਰ ਵਿਚ ਮਾਹਿਰ ਵਿਅਕਤੀ, ਜੋ ਦੂਸਰਿਆਂ ਦੀ ਅਗਵਾਈ ਕਰਦਾ ਹੈ, ਨੂੰ ਨੇਤਾ ਆਖਿਆ ਜਾਂਦਾ ਹੈ। ਵਿਦਿਆ ਦੇ ਖੇਤਰ ਵਿਚ ਦੂਸਰਿਆਂ ਨੂੰ ਇਲਮ ਦੇਣ ਅਤੇ ਸਿਖਲਾਉਣ ਵਾਲੇ ਨੂੰ ਮਾਸਟਰ ਅਥਵਾ ਅਧਿਆਪਕ ਆਖਿਆ ਜਾਂਦਾ ਹੈ। ਫੌਜੀ ਮੁਆਮਲੇ ਵਿਚ ਅਗਵਾਈ ਕਰਨ ਵਾਲਾ ਜਰਨੈਲ ਜਾਂ ਜਥੇਦਾਰ ਅਖਵਾਉਂਦਾ ਹੈ। ਇਸੇ ਤਰ੍ਹਾਂ ਧਾਰਮਿਕ ਖੇਤਰ ਵਿਚ ਦੁਨੀਆਂ ਨੂੰ ਰਾਹ ਦਸਣ ਵਾਲਾ 'ਗੁਰੂ' ਦੇ ਨਾਓਂ ਨਾਲ ਪੁਕਾਰਿਆ ਅਤੇ ਸਤਿਕਾਰਿਆ ਜਾਂਦਾ ਹੈ।

ਸਿਖ ਧਰਮ ਵਿਚ 'ਗੁਰੂ' ਦਾ ਸਭ ਤੋਂ ਜ਼ਿਆਦਾ ਮਹੱਤਵ ਹੈ। 'ਸਿਖ' ਸ਼ਬਦ ਦਾ ਅਰਥ ਤਾਂ ਹੀ ਨਿਕਲਦਾ ਹੈ, ਜੇ ਉਸ ਤੋਂ ਪਹਿਲਾ 'ਗੁਰੂ' ਆਵੇ। 'ਗੁਰੂ' ਦੂਸਰਿਆਂ ਨੂੰ ਸਹੀ ਮਾਰਗ ਦਸਦਾ ਹੈ ਅਤੇ ਅਗਿਆਨ ਰੂਪੀ ਹਨੇਰਾ ਦੂਰ ਕਰਦਾ ਹੈ। ਇਸੇ ਕਰਕੇ ਅਕਾਲ ਪੁਰਖ ਦੇ ਨਿਯਮ ਨਾਲ, 'ਗੁਰੂਆਂ' ਦਾ ਆਗ-ਮਨ ਹੁੰਦਾ ਆਇਆ ਹੈ। ਭਾਈ ਗੁਰਦਾਸ ਜੀ ਇਸ ਵਿਚਾਰ ਨੂੰ ਇਸ ਤਰ੍ਹਾਂ ਕਲਮਬੰਦ ਕਰਦੇ ਹਨ—

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧ ਜਗ ਚਾਨਣ ਹੋਆ ॥

ਗਿਆਨ ਦਾ ਚਾਨਣ ਕਰਨ ਲਈ ਗੁਰੂ ਦੀ ਹੋਂਦ ਜ਼ਰੂਰੀ ਹੈ।

'ਗੁਰੂ' ਪ੍ਰੰਪਰਾ ਨਾਲ ਹੀ 'ਸਿਖ ਪੰਥ' ਹੋਂਦ ਵਿਚ ਆਇਆ, ਜੋ ਕਿ ਅਜ ਤੀਕ ਕਿਸੇ ਨਾ ਕਿਸੇ ਰੂਪ ਵਿਚ ਚਲਿਆ ਆ ਰਿਹਾ ਹੈ। ਇਹ ਇਕ ਵਖਰੀ ਗਲ ਹੈ ਕਿ ਗੁਰੂ 'ਦੇਹ' ਅਥਵਾ 'ਬਿਦੇਹ' ਹੋਵੇ, ਇਸ ਬਾਰੇ ਵਖ ਵਖ ਰਾਵਾਂ ਹਨ ਅਤੇ ਇਸ ਗਲ ਦਾ ਸਦਕਾ ਵਖ ਵਖ ਵਿਚਾਰਾਂ ਵਾਲੀਆਂ ਸੰਪ੍ਰਦਾਵਾਂ ਹਨ। ਮੁਖ ਤੌਰ ਤੇ ਸਿਖ ਧਰਮ ਵਿਚ ਦੋ ਤਰ੍ਹਾਂ ਦੇ ਵਿਚਾਰ ਮਿਲਦੇ ਹਨ, ਇਕ ਤਾਂ ਉਹ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਆਦਿ ਸ੍ਰੀ ਗਰੰਥ ਸਾਹਿਬ ਨੂੰ 'ਗੁਰੂ' ਮੰਨਦੇ ਹਨ ਅਤੇ ਇਸ ਨੂੰ 'ਗੁਰੂ ਗਰੰਥ' ਦੇ ਨਾਉਂ ਨਾਲ ਸਤਕਾਰਦੇ ਹਨ ਅਤੇ ਦੂਸਰੇ ਪਾਸੇ ਵਾਲੇ ਆਦਿ ਸ੍ਰੀ ਗਰੰਥ ਸਾਹਿਬ ਦੀ ਬਾਣੀ ਨੂੰ ਗੁਰੂ ਦੀ ਉਚਾਰੀ ਬਾਣੀ

ਕਰਕੇ ਸਤਕਾਰਦੇ ਹਨ, ਪਰ 'ਗੁਰੂ' ਦੀ ਪਦਵੀ ਨਹੀਂ ਦਿੰਦੇ, ਸਗੋਂ 'ਦੇਹਧਾਰੀ ਗੁਰੂ' ਦੀ ਹੋਂਦ ਨੂੰ ਮੰਨਦੇ ਹਨ। ਇਹ ਵਿਸ਼ਵਾਸ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨਾਦੇੜ ਜੋਤੀ ਜੋਤ ਨਹੀਂ ਸਨ ਸਮਾਏ ਅਤੇ ਨਾ ਹੀ ਆਦਿ ਸ੍ਰੀ ਗਰੰਥ ਸਾਹਿਬ ਨੂੰ ਗੁਰੂ ਗਦੀ ਦਿਤੀ ਹੈ।

ਸ੍ਰੀ ਆਦਿ ਗਰੰਥ ਨੂੰ 'ਗੁਰੂ' ਮੰਨਣ ਵਾਲੇ ਭਾਵੇਂ ਬਾਣੀ ਨੂੰ ਗੁਰੂ ਦਾ ਦਰਜਾ ਦਿੰਦੇ ਹਨ ਪਰ ਫਿਰ ਵੀ ਉਹਨਾਂ ਦੇ ਇਸ ਵਿਸ਼ਵਾਸ ਤੋਂ ਦੇਹਧਾਰੀ ਗੁਰੂ ਦੀ ਹੋਂਦ ਪਾਸੇ ਨਹੀਂ ਹੁੰਦੀ ਕਿਉਂਕਿ ਗੁਰੂ ਗਰੰਥ ਸਾਹਿਬ 'ਪ੍ਰਗਟ ਗੁਰਾਂ ਕੀ ਦੇਹਿ' ਅਖਵਾਉਂਦੀ ਹੈ। ਇਸ ਦੇ ਨਾਲ ਨਾਲ ਦੇਹਿਧਾਰੀ ਰੂਪ ਵਿਚ, ਵਕਤ ਦੇ ਨਾਲ ਨਾਲ ਚਲਣ ਲਈ, ਸੰਤ ਅਤੇ ਜਥੇਦਾਰ ਅਗਵਾਈ ਕਰਦੇ ਆਏ ਹਨ। ਇਹ ਗਲ ਤਾਂ ਹਰ ਕੋਈ ਵਿਚਾਰ ਸਕਦਾ ਹੈ ਕਿ 'ਜੜ' ਚੀਜ਼ ਕਿਸੇ 'ਚੇਤਨ ਪ੍ਰਾਣੀ' ਦਾ ਮਾਰਗ ਦਰਸ਼ਨ ਨਹੀਂ ਕਰ ਸਕਦੀ। ਦੂਸਰੇ ਲਫਜ਼ਾਂ ਵਿਚ ਸੰਸਾਰ ਗਤੀਸ਼ੀਲ ਹੈ ਅਤੇ ਇਕ ਵਾਰ ਦੀ ਲਿਖੀ ਚੀਜ਼, ਵਿਚਾਰਧਾਰਾ ਇਕੋ ਤਰ੍ਹਾਂ, ਹਰ ਥਾਂ ਅਤੇ ਹਰ ਵੇਲੇ ਲਾਗੂ ਨਹੀਂ ਹੁੰਦੀ। ਅਗਰ ਇਸ ਤਰ੍ਹਾਂ ਕੀਤਾ ਜਾਵੇ ਤਾਂ ਦੁਨੀਆਂ ਦੀ ਗਤੀਸ਼ੀਲਤਾ ਰੁਕ ਜਾਂਦੀ ਹੈ। ਮਿਸਾਲ ਦੇ ਤੌਰ ਤੇ—ਹਰ ਦੇਸ਼ ਦਾ ਆਪਣਾ ਸੰਵਿਧਾਨ (Constitution) ਹੁੰਦਾ ਹੈ, ਜੋ ਕੁਝ ਵਿਅਕਤੀਆਂ ਦੀ ਕਮੇਟੀ ਦੇਸ਼ ਦਾ ਰਾਜ ਪ੍ਰਬੰਧ ਚਲਾਉਣ ਲਈ ਉਲੀਕਦੀ ਹੈ। ਪਰ ਇਕ ਵਾਰ ਦਾ ਲਿਖਿਆ ਸੰਵਿਧਾਨ ਦੇਸ਼ ਦੀ ਬਦਲਦੀ ਹਾਲਤ ਨਾਲ ਨਹੀਂ ਚਲ ਸਕਦਾ, ਇਸ ਲਈ ਉਸ ਵਿਚ ਵਕਤ-ਵਕਤ ਸਿਰ ਤਰਮੀਮ ਕਰਨ ਲਈ ਖੁਲ੍ਹ ਰਖੀ ਜਾਂਦੀ ਹੈ। ਯਾਦ ਰਹੇ ਕਿ ਤਰਮੀਮ ਵੀ ਦੇਹਿਧਾਰੀ ਮਨੁੱਖ ਹੀ ਕਰਦੇ ਹਨ।

ਸ: ਰਘਬੀਰ ਸਿੰਘ ਜੀ ਅਨੁਸਾਰ "ਬਿਜਲੀ ਦੀ ਪੁਸਤਕ ਨੂੰ ਰੋਜ਼ ਪੜ੍ਹਨ ਨਾਲ, ਪੜ੍ਹਨ ਵਾਲੇ ਦੇ ਘਰ ਵਿਚ ਰੋਸ਼ਨੀ ਨਹੀਂ ਹੋ ਸਕਦੀ, ਤਾਂ ਸੁਖਮਨੀ ਜੀ ਦੇ, ਆਸਾ ਜੀ ਦੀ ਵਾਰ ਦੇ ਕੇਵਲ ਪਾਠ ਕੀਤਿਆਂ ਉਹ ਨਤੀਜੇ ਪੈਦਾ ਨਹੀਂ ਹੋ ਸਕਦੇ ਜਿਹੜੇ ਸਿਖ ਦੇ ਜੀਵਨ ਵਿਚ ਗੁਰੂ ਨਾਨਕ ਦੀ ਤਾਲੀਮ ਨੂੰ ਦਾਵਾ ਹੈ।"

ਇਕਲੀਆਂ ਕਿਤਾਬਾਂ ਤੋਂ ਗਿਆਨ ਅਗਰ ਹੁੰਦਾ ਤਾਂ ਸ਼ਾਇਦ ਕਿਤਨੇ ਕਾਲਜ ਅਤੇ ਸਕੂਲ ਨਾ ਖੋਲ੍ਹਣੇ ਪੈਂਦੇ। ਭਾਵੇਂ ਅਜ ਕਲ੍ਹ ਖ਼ਤ-ਪਤਰਾਂ ਰਾਹੀਂ (Correspondance Courses) ਵੀ ਪੜ੍ਹਾਈਆਂ ਹੋਣ ਲਗ ਪਈਆਂ ਹਨ ਅਤੇ ਡਿਗਰੀਆਂ ਮਿਲਦੀਆਂ ਹਨ, ਪਰ ਖ਼ਤ-ਪਤਰਾਂ ਰਾਹੀਂ ਸਮਝਾਉਣ ਲਈ ਪਿਛੇ ਮਾਸਟਰ ਅਤੇ ਲੈਕਚਰਾਰ ਬੈਠੇ ਹੁੰਦੇ ਹਨ।

ਠੀਕ ਇਹੀ ਗਲ ਸਿਖ ਧਰਮ ਵਿਚ 'ਗੁਰੂ' ਤੇ ਢੁਕਦੀ ਹੈ। ਗੁਰਬਾਣੀ ਵਿਚ ਥਾਂ ਥਾਂ ਤੇ ਦੇਹਿਧਾਰੀ ਗੁਰੂ ਦੀ ਹੋਂਦ ਨੂੰ ਸਵਿਕਾਰਿਆ ਗਿਆ ਹੈ ਅਤੇ ਗੁਰਬਾਣੀ ਦੇਹਿਧਾਰੀ ਗੁਰੂਆਂ ਦੇ ਮੁਖਾਰਬਿੰਦ ਤੋਂ ਹੀ ਹੋਂਦ ਵਿਚ ਆਈ ਹੈ। ਸ਼ਾਇਦ ਇਸੇ ਕਾਰਨ 'ਗੁਰੂ' ਦੀ ਹੋਂਦ ਨੂੰ ਮੁਖ ਰਖਦਿਆਂ ਆਦਿ ਸ੍ਰੀ ਗਰੰਥ ਸਾਹਿਬ ਜੀ ਦੇ ਸ੍ਰੀ ਰਾਗ ਮਹਲਾ ੪ ਵਿਚ ਲਿਖਿਆ ਹੈ—

"ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ,
ਸਦ ਪੀੜੀ ਗੁਰੂ ਚਲੰਦੀ"

ਗੁਰੂ ਰਾਮਾ ਨੰਦ ਜੀ ਨੀਵੀਆਂ ਜਾਤਾਂ ਵਾਲਿਆਂ ਨੂੰ ਆਪਣਾ ਚੇਲਾ ਨਹੀਂ ਸਨ ਬਣਾਉਂਦੇ। ਕਿਉਂਕਿ ਦੇਹਿਧਾਰੀ ਗੁਰੂ ਦੀ ਸ਼ਰਨ ਬਿਨਾਂ 'ਗਤਿ' ਨਹੀਂ ਹੁੰਦੀ, ਕਬੀਰ ਜੀ ਨੇ ਚਲਾਕੀ ਨਾਲ ਰਾਮਾ ਨੰਦ ਜੀ ਕੋਲੋਂ ਮੂੰਹ ਹਨੇਰੇ ਪੌੜੀਆਂ ਵਿਚ ਲੇਟ ਕੇ 'ਗੁਰਮੰਤ੍ਰ' ਲੈ ਲਿਆ ਸੀ। ਧੰਨੇ ਭਗਤ ਨੇ ਪਥਰ ਵਿਚੋਂ ਭਗਵਾਨ ਦੇ ਦਰਸ਼ਨ ਕੀਤੇ ਸਨ। ਇਥੇ ਇਹ ਗਲ ਚੇਤੇ ਰਖਣ ਵਾਲੀ ਹੈ ਕਿ ਧੰਨੇ ਨੇ ਤਰਲੋਚਨ ਨੂੰ ਗੁਰੂ ਤੁਲ ਮੰਨ ਕੇ ਹੀ ਠਾਕਰ ਦੀ ਮੰਗ ਕੀਤੀ ਸੀ ਜਿਸ ਦੇ ਬਦਲੇ ਉਸ ਨੂੰ ਪਥਰ ਦਿਤਾ ਗਿਆ ਸੀ। ਇਸ ਵਿਚ ਵੀ ਪਥਰ 'ਭਗਵਾਨ' ਅਤੇ ਤਰਲੋਚਨ 'ਗੁਰੂ' ਦੀ ਥਾਂ ਆਉਂਦਾ ਹੈ।

ਦੇਹਿਧਾਰੀ 'ਸਤਿਗੁਰੂ' ਦਾ ਸਭ ਤੋਂ ਵਡਾ ਕੰਮ ਵਕਤ ਦੇ ਨਾਲ ਨਾਲ ਆਪਣੇ ਸਿਖਾਂ ਨੂੰ ਤੋਰਨਾ ਹੁੰਦਾ

ਹੈ ਅਤੇ ਏਦਾ ਹੁੰਦਾ ਆਇਆ ਹੈ। ਗੁਰੂ ਨਾਨਕ ਦੇਵ ਜੀ ਵਲੋਂ ਤੋਰੇ 'ਨਿਰਧਨ ਪੰਥ' ਵਿਚੋਂ ਤਾਕਤ ਦੀ ਨਚਾਕਤ ਵੇਖਦਿਆਂ ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਤਲਵਾਰ ਧਾਰਨ ਕਰਕੇ ਤਰਮੀਮ ਕੀਤੀ। ਇਹ ਉਸ ਵਕਤ ਦੀ ਵਡੀ ਮੰਗ ਸੀ। ਜਿਸਦਾ ਸਿਟਾ ਸ੍ਰੀ ਹਰਿ ਗੋਬਿੰਦ ਸਾਹਿਬ ਜੀ ਨਾਲ ਲੜਾਈਆਂ ਹੋਈਆ ਅਤੇ ਗੁਰੂ ਸਾਹਿਬਾਨ ਜੇਤੂ ਹੋ ਕੇ ਨਿਕਲੇ । ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਤੋਂ ਬਾਦ, ਹਾਲਾਤ ਨੂੰ ਵੇਖਦਿਆਂ ਹੋਇਆਂ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਛੇਵੇਂ ਗੁਰੂ ਦੀ ਰਸਮ ਨੂੰ ਥੋੜਾ ਹੋਰ ਬਦਲ ਕੇ 'ਸੰਤ ਸਿਪਾਹੀ' ਖਾਲਸਾ ਬਣਾ ਦਿਤਾ। ਜਿਸ ਤਰਾਂ ਹਰ ਸਕੂਲ ਦੀ ਬਰਦੀ ਹੁੰਦੀ ਹੈ, ਨਿਯਮ ਹੁੰਦੇ ਹਨ, ਉਸੇ ਤਰਾਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਕੇ ਪੰਜ ਕੱਕਾਰਾਂ ਦੀ ਰਹਿਤ ਦਸਕੇ, ਰਹਿਤ ਮਰਯਾਦਾ ਤੋਰੀ। ਵਕਤ ਬਦਲਿਆ। ਅੰਗਰੇਜ਼ ਹਿੰਦੁਸਤਾਨ ਵਿਚ ਆ ਕੇ ਛਾਏ ਅਤੇ ਉਸ ਵਕਤ ਜਦੋਂ ਖਾਲਸਾ ਪੰਥ ਢਹਿੰਦੀਆਂ ਕਲਾਂ ਵਿਚ ਸੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਪੰਜਾਂ ਸਿਖਾਂ ਨੂੰ ਅੰਮ੍ਰਿਤ ਛਕਾ ਕੇ, ਨਾਮ ਦਾਨ ਦੇ ਕੇ 'ਸੰਤ ਸਿਪਾਹੀ' ਦੇ ਨਾਲ ਨਾਲ 'ਸੰਤ ਖਾਲਸਾ' ਬਣਾ ਦਿਤਾ। ਵਕਤ ਕਿਉਂਕਿ ਬਦਲ ਗਿਆ ਸੀ, ਇਸ ਲਈ ਨਾ-ਮਿਲਵਰਤਨ ਅਤੇ ਸਤਿਆਗ੍ਰਹਿ ਦਾ ਦੌਰ ਪ੍ਰਚਲਿਤ ਕੀਤਾ, ਜਿਸਨੂੰ ਮੁੜ ਵੀਹਵੀਂ ਸਦੀ ਵਿਚ ਕਾਂਗਰਸ ਨੇ ਅਪਣਾਇਆ। ਆਖਣ ਦਾ ਭਾਵ ਇਹ ਹੈ ਕਿ ਸਿਖ ਧਰਮ ਵਿਚ, ਇਹ ਸਾਰੀਆਂ ਤਰਮੀਮਾਂ ਕੇਵਲ ਤੇ-ਕੇਵਲ ਦੇਹਧਾਰੀ ਗੁਰੂਆਂ ਦੁਆਰਾ ਹੀ ਹੋਈਆਂ।

ਇਹ ਠੀਕ ਹੈ ਕਿ ਵੇਦ ਅਤੇ 'ਗਰੰਥ' ਵੀ ਗੁਰੂਆਂ ਦੇ ਨਾਲ ਨਾਲ ਰਹੇ ਹਨ। ਪਰ ਉਹ ਗੁਰੂਆਂ ਦੀ ਬਰਾਬਰੀ ਤਾਂ ਨਹੀਂ ਕਰ ਸਕਦੇ। ਸਾਧ ਅਥਵਾ 'ਗੁਰੂ' ਵੇਦਾਂ ਤੋਂ ਵਡਾ ਹੁੰਦਾ ਹੈ। 'ਵੇਦ, ਗਰੰਥ' ਸਾਧਾ ਸੰਤਾ ਦੇ ਹੀ ਰਚੇ ਹੁੰਦੇ ਹਨ।

ਸਾਧ ਕੀ ਮਹਿਮਾਂ ਬੇਦ ਨਾ ਜਾਨੇ,
ਜੇਤਾ ਕਹੇ ਤੇਤਾ ਬਖਿਆਨੇ।

ਪਰ ਵੇਦ ਤਾਂ ਸਾਧਾਂ ਸੰਤਾਂ ਦੀਆਂ ਆਖੀਆਂ ਗਲਾਂ ਹੀ ਦਸਦਾ ਹੈ।

ਭਾਈ ਗੁਰੂਦਾਸ ਜੀ ਵਾਰ ਪਹਿਲੀ, ਪਾਉੜੀ ੧੭ ਵਿਚ ਲਿਖਦੇ ਹਨ—

'ਬੇਦ ਗਰੰਥ ਗੁਰ ਹਟ ਹੈ,
ਜਿਸ ਲਗ ਭਵਜਲ ਪਾਰ ਉਤਾਰਾ।
ਸਤਿਗੁਰੂ ਬਾਝ ਨ ਬੁਝੀਐ,
ਜਿਚਰ ਧਰੇ ਨ ਗੁਰ ਅਵਤਾਰਾ।'

ਧਰਮ ਚਲਾਉਣ ਲਈ ਗੁਰੂਆਂ ਦੀ ਹੋਂਦ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਸ਼ਬਦ ਕਿੰਨਾ ਮਹਤਵ ਰਖਦੇ ਹਨ, ਪਾਠਕ ਆਪ ਹੀ ਗੌਰ ਕਰ ਲੈਣ—

'ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖੀਅਨ ਪਕਰਿ ਪਛਾਰੋ।

ਦੇਹਧਾਰੀ ਗੁਰੂ ਦੇ ਸਖਣੇ ਸਿਖਾਂ, ਰਾਜਨੀਤੀ ਨੂੰ ਧਰਮ ਵਿਚ ਖੰਭ ਦਿਤਾ ਅਤੇ ਇਸ ਨੇ ਸਮਾਜ ਨੂੰ ਬਹੁਤ ਹੀ ਥੋੜੇ ਵਿਚਾਰਾਂ ਵਿਚ ਲੈ ਆਂਦਾ ਹੈ। ਕੋਈ ਵਕਤ ਸੀ, ਉਤਰੀ ਭਾਰਤ ਵਿਚ ਹਿੰਦੂ ਆਪਣੇ ਵਡੇ ਲੜਕੇ ਨੂੰ ਸਿਖ ਬਣਾਉਂਦੇ ਸੀ। ਇਹ ਗਲ ਅਜ ਵੀ ਵਡੇਰੀ ਉਮਰ ਦੇ ਸਜਣਾਂ ਤੋਂ ਪਤਾ ਕੀਤੀ ਜਾ ਸਕਦੀ ਹੈ। ਪਰ ਮਨਮਤ ਕਰਦਿਆਂ ਰਾਜਨੀਤੀ ਨੂੰ ਧਰਮ ਤੋਂ ਜਿਆਦਾ ਮਹਤਵ ਦਿੰਦਿਆਂ ਸਿਖਾਂ ਨੇ ਉਨ੍ਹਾਂ ਨੂੰ ਆਪਣੇ ਨਾਲੋਂ ਨਖੇੜ ਕੇ ਅਲਗ ਜਮਾਤ ਵਿਚ ਕਰ ਦਿਤਾ 'ਹਮ ਹਿੰਦੂ ਨਹੀਂ ਵਰਗੇ' ਵਿਚਾਰ ਆਉਣ ਲਗ ਪਏ। ਭਾਵੇਂ ਸਾਡਾ ਦੇਸ਼ ਇਕ ਹੈ, ਖੂਨ ਇਕ ਹੈ, ਸਮਾਜ ਇਕ ਹੈ। ਫਿਰ ਵੀ 'ਜਬ ਲਗ ਖਾਲਸਾ ਰਹੇ ਨਿਆਰਾ' ਵਰਗੀਆਂ ਪੰਕਤੀਆਂ ਦੇ ਹਲਤ ਅਰਥ ਕਰ ਦਰ ਕੇ ਸਿਖਾਂ ਨੂੰ ਕੁਰਾਹੇ ਪਾ ਦਿਤਾ। ਅੱਧਾ ਪੰਜਾਬ, ਪਹਿਲਾ ਪਾਕਿਸਤਾਨ ਵਿਚ ਚਲਿਆ ਗਿਆ ਸੀ, ਰਹਿੰਦੇ ਸਾਡੇ ਲੀਡਰਾਂ ਨੇ ਫਿਰ ਤਿੰਨ ਹਿਸੇ ਕਰਾ ਕੇ ਆਪਣੀਆਂ ਲੀਡਰੀਆਂ ਕਾਇਮ ਕਰ ਲਈਆਂ। ਇਦਾ ਕਰਨ ਨਾਲ ਆਪਸ

ਵਿਚ ਨਫਰਤ ਵਧਾ ਦਿਤੀ ।

ਇਸੇ ਧਾਰਮਿਕ ਰਾਜਨੀਤੀ ਸਦਕਾ ਅਜ ਕਲ ਪੰਜਾਬ ਵਿਚ ਦੇਹਿਧਾਰੀ ਗੁਰੂਆਂ ਦੇ ਵਿਰੁਧ ਬਹੁਤ ਕੁਝ ਆਖਿਆ ਜਾਂਦਾ ਹੈ । ਚੰਗੇ ਭਲੇ ਵਸਦੇ ਲੋਕਾਂ ਵਿਚ ਨਫਰਤ ਦੀ ਅਗ ਲਾਈ ਜਾਂਦੀ ਹੈ । ਹਰ ਜਥੇਦਾਰ ਆਪਣੇ ਵਿਚਾਰਾਂ ਨਾਲ ਲੋਕਾਂ ਨੂੰ ਸਮਝਾਉਂਦਾ ਹੈ । ਠੀਕ ਜਾਂ ਗਲਤ ਗਲ ਦਾ ਨਿਰਨਾਂ ਬੈਠ ਕੇ ਹੋ ਸਕਦਾ ਹੈ। ਪਰ ਆਖਣ ਸਮਝਾਉਣ ਵਾਲਾ ਕੌਣ ਹੈ ? ਕਾਸ਼ ਅਜ ਸਿਖ ਪੰਥ 'ਗੁਰੂ ਗਰੰਥ ਸਾਹਿਬ' ਕੋਲੋਂ ਹੀ ਸਿਖਿਆ ਲੈ ਸਕਦਾ ।

●

ਲੇਖਕਾਂ ਪ੍ਰਤੀ ਬੇਨਤੀ

੧. ਨਿਰੀਖਿਅਕ ਦੇ ਪਾਠਕਾਂ ਵਿਚੋਂ ਬਹੁਤ ਸਾਰੇ ਲਿਖਾਰੀ ਸੱਜਣਾਂ ਦੇ ਸੁਯੋਗ ਲੇਖ ਮਿਲੇ ਹਨ, ਪਰ ਸਮੇਂ ਦੀ ਕਮੀ ਕਰਕੇ ਅਸੀਂ ਕਾਫੀ ਲੇਖ ਛਾਪਣੋਂ ਅਸਮਰਥ ਹੋ ਗਏ ਹਾਂ ਜਿਸ ਦੀ ਅਸੀਂ ਖਿਮਾ ਚਾਹੁੰਦੇ ਹਾਂ ।

੨. ਅਸੀਂ ਆਸ ਕਰਦੇ ਹਾਂ ਕਿ ਇਹਨਾਂ ਲੇਖਕਾਂ ਤੇ ਹੋਰ ਨਵੇਂ ਲੇਖਕਾਂ ਦਾ ਸਹਿਯੋਗ ਸਾਨੂੰ ਅਗੋਂ ਵੀ ਮਿਲਦਾ ਰਹੇਗਾ ।

੩. ਲੇਖਾਂ ਪ੍ਰਤੀ ਅਰਜ਼ ਹੈ ਕਿ ਇਹ ਛੋਟੇ ਪਰ ਠੋਸ ਭਰਪੂਰ, ਸਾਫ਼, ਸੁਥਰੇ, ਸਫੇ ਦੇ ਇਕ ਪਾਸੇ ਲਿਖੇ ਜਾਂ ਟਾਈਪ ਕੀਤੇ ਹੋਏ E-25 ਫੋਕਲ ਪੁਆਇੰਟ, ਲੁਧਿਆਣਾ ਦੇ ਪਤੇ ਤੇ ਭੇਜੇ ਜਾਣ ।

੪. ਐਡੀਟਰ ਨਿਰੀਖਿਅਕ ਨੂੰ ਇਹ ਅਧਿਕਾਰ ਹੈ ਕਿ ਉਹ ਲੇਖਾਂ ਨੂੰ ਜਿਥੋਂ ਲੋੜ ਸਮਝੇ ਸੋਧ ਛਾਪ ਸਕਦਾ ਹੈ ।

੪. ਇਹ ਜ਼ਰੂਰੀ ਨਹੀਂ ਕਿ ਐਡੀਟਰ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਵੇ ।

ਆ ਵਾ ਗੌ ਣ

ਜੀਵਾਤਮਾ ਦਾ ਸ਼ੁਭ ਅਸ਼ੁਭ ਕਰਮਾ ਦੇ ਫਲ ਭੋਗਣ ਲਈ ਮਨੁਖ ਪਸ਼ੂ ਪੰਖੀ ਆਦਿ ਚੌਰਾਸੀ ਲਖ ਜੂਨਾਂ ਵਿਚ ਜੰਮਣਾ ਅਤੇ ਮਰਨਾ। ਇਸ ਸੰਸਾਰਚਕ੍ਰ ਤੋਂ ਆਤਮਗਯਾਨ ਪ੍ਰਾਪਤ ਹੋਣ ਪੁਰ, ਜਦ ਕਰਮਜਾਲ ਤੋਂ ਛੁਟਕਾਰਾ ਹੁੰਦਾ ਹੈ ਤਦ ਜੀਵ ਮੁਕਤਿ ਪਾਕੇ ਸਦਾ ਲਈ ਆਵਾਗਮਨ ਤੋਂ ਰਹਿਤ ਹੋ ਜਾਂਦਾ ਹੈ।

ਕਈ ਜਨਮ ਭਏ ਕੀਟ ਪਤੰਗਾ,
ਕਈ ਜਨਮ ਗਜ ਮੀਨ ਕੁਰੰਗਾ।
ਕਈ ਜਨਮ ਪੰਖੀ ਸਰਪ ਹੋਇਓ,
ਕਈ ਜਨਮ ਹੈਵਰ ਬ੍ਰਿਖ ਜੋਇਓ।
ਮਿਲੁ ਜਗਦੀਸ ਮਿਲਨ ਕੀ ਬਰੀਆ,
ਚਿਰੰਕਾਲ ਇਹ ਦੇਹ ਸੰਜਰੀਆ।
ਕਈ ਜਨਮ ਸੈਲ ਗਿਰਿ ਕਰਿਆ।
ਕਈ ਜਨਮ ਗਰਭ ਹਿਰਿ ਖਰਿਆ।
ਕਈ ਜਨਮ ਸਾਖ ਕਰਿ ਉਪਾਇਆ,
ਲਖ ਚਉਰਾਸੀਹ ਜੋਨਿ ਭ੍ਰਮਾਇਆ।

—ਆਸਾ ਮ: ੫

ਉਦਮ ਕਰਹਿ ਅਨੇਕ ਹਰਿਨਾਮੁ ਨ ਗਾਵਹੀ,
ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀਂ।
ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ,
ਬੀਜੁ ਬੋਵਸਿ ਭੋਗ ਭੋਗਹਿ ਕੀਆ ਆਪਣਾ ਪਾਵਏ।

—ਜੈਤਸਰੀ ਮ: ੫

ਨਿਜਘਰਿ ਮਹਲੁ ਪਾਵਹੁ
ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।

—ਗਉੜੀ ਮ: ੫

ਫਾਹੇ ਕਾਟੇ ਮਿਟੇ ਗਵਨ ਫਤਹਿ ਭਈ ਮਨਿ ਜੀਤ,
ਨਾਨਕ ਗੁਰ ਤੇ ਥਿਤਿ ਪਾਈ ਫਿਰਨ ਮਿਟੇ ਨਿਤਨੀਤ।

—ਬਾਵਨ ਆਖਰੀ

ਜਨਮ ਮਰਨ ਕੇ ਮਿਟੇ ਅੰਦੇਸੇ,
ਸਾਧੂ ਕੇ ਪੂਰਨ ਉਪਦੇਸੇ।......
ਥਿਤਿ ਪਾਈ ਚੂਕੇ ਭ੍ਰਮ ਗਵਨ,
ਸੁਨਿ ਨਾਨਕ ਹਰਿ ਹਰਿ ਜਨ ਸ੍ਰਵਨ।

—(ਸੁਖਮਨੀ)

ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾਗਵਨ,
ਆਪਿ ਤਰਿਆ ਕੁਟੰਬ ਸਿਉ ਗੁਣ ਗੋਬਿੰਦ ਪ੍ਰਭ ਰਵਨੁ।

- (ਗਉੜੀ ਥਿਤੀ ਮ: ੫)

ਭਾਰਤ ਦੇ ਲੋਕ ਪਰੰਪਰਾ ਤੋਂ ਆਵਾਗਮਨ (ਤਨਾਸੁਖ, L. Metem-Psychoris. ਅੰ. Transmission of Souls) ਮੰਨਦੇ ਚਲੇ ਆਏ ਹਨ। ਯੂਨਾਨੀ ਇਤਿਹਾਸਕਾਰ ਹੀਰਾਡੋਟਸ ਦੇ ਲੇਖ ਅਨੁਸਾਰ

ਪ੍ਰਾਚੀਨ ਮਿਸਰੀ ਭੀ ਆਵਾਗਮਨ ਦੇ ਵਿਸ਼੍ਵਾਸੀ ਸਨ। ਯੂਨਾਨੀ ਤਤਵੇਤਾ ਆਪ ਭੀ ਇਸ ਮਤ ਦਾ ਪ੍ਰਚਾਰ ਕਰਦੇ ਰਹੇ ਹਨ। ਨਵੀਨ ਬ੍ਰਹਮਵੇਤਿਆ (Modern Theosophists) ਦਾ ਖਿਆਲ ਹੈ ਕਿ ਪ੍ਰਾਚੀਨ ਯਹੂਦੀ ਈਸਾਈ ਮੁਸਲਮਾਨ ਅਤੇ ਹੋਰ ਮਤਾਵਲੰਬੀ ਭੀ ਕਿਸੇ ਨ ਕਿਸੇ ਸ਼ਕਲ ਵਿਚ ਆਵਾਗਮਨ ਨੂੰ ਜ਼ਰੂਰ ਮੰਨਦੇ ਸਨ। ਅੱਜ ਕਲ ਕੇਵਲ ਉਹ ਲੋਕ ਆਵਾਗਮਨ ਦੇ ਮੰਨਣ ਵਾਲੇ ਹਨ ਜਿਨ੍ਹਾਂ ਦੇ ਧਾਰਮਿਕ ਬਜ਼ੁਰਗ ਕਦੇ ਪ੍ਰਾਚੀਨ ਭਾਰਤ ਨਿਵਾਸੀਆਂ ਨਾਲ ਸੰਬੰਧ ਰਖਦੇ ਸਨ, ਜਾਂ ਉਹ, ਜੋ ਹੁਣ ਆਪ ਉਨ੍ਹਾਂ ਬਿਰਧਾ ਦਾ ਸਤਿਕਾਰ ਕਰਦੇ ਹਨ। ਬੋਧ, ਜੈਨੀ, ਹਿੰਦੂ, ਸਿਖ ਅਤੇ ਨਵੀਨ ਬ੍ਰਹਮਵੇਤਾਂ ਸਾਰੇ ਇਸ ਸਿਧਾਂਤ ਨੂੰ ਅੰਗੀਕਾਰ ਕਰਦੇ ਹਨ।

ਵਰਤਮਾਨ ਸਿਆਣਿਆਂ ਨੇ ਆਵਾਗਮਨ ਦੇ ਤਿੰਨ ਭੇਦ ਕਰ ਦਿਤੇ ਹਨ—

(ੳ) ਜਦ ਕੋਈ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਲਈ ਰੱਬ ਉਸੇ ਵੇਲੇ ਨਵਾਂ ਆਤਮਾ ਨਹੀਂ ਸਿਰਜਦਾ। ਆਤਮਾ ਪਹਿਲਾਂ ਤੋਂ ਹੀ ਮੌਜੂਦ ਰਹਿੰਦਾ ਹੈ, ਪਰ ਵਿਦੇਹ ਦਿਸ਼ਾ ਵਿਚ ਜਦੋਂ ਇਹ ਮਨੁਖ ਦੇਹ ਵਿਚ ਪ੍ਰਵੇਸ਼ ਕਰਦਾ ਹੈ, ਤਾਂ ਇਸ ਲਈ ਦੇਹ ਧਾਰਣ ਦਾ ਇਹੋ ਪਹਿਲਾ ਮੌਕਾ ਹੁੰਦਾ ਹੈ, ਅਰ ਮਰਨ ਪਿਛੋਂ ਅਗੋਂ ਭੀ ਕਦੇ ਦੇਹ ਨਹੀਂ ਧਾਰੇਗਾ। ਇਸ ਸਿਧਾਂਤ ਦਾ ਨਾਮ 'ਪੂਰਣਅਸਿਤਤ੍ਵ' (The Doctrine of Prexistence) ਪ੍ਰਸਿਧ ਹੈ।

(ਅ) ਆਤਮਾ ਇਸ ਸ਼ਰੀਰ ਤੋਂ ਪਹਿਲਾਂ ਕੋਟਾਨ ਕੋਟਿ ਮਨੁਖ, ਪਸ਼ੂ, ਪੰਛੀ, ਬਿਰਛ ਆਦਿਕ ਜੂਨੀਆਂ ਵਿਚ ਭ੍ਰਮਨ ਕਰਦਾ ਰਿਹਾ ਹੈ, ਅਰ ਮੌਜੂਦਾ ਸਰੀਰ ਤਿਆਗਣ ਮਗਰੋਂ ਭੀ ਮੁੜ ਮਨੁਖ ਜੂਨੀ ਵਿਚ ਆਉਣ ਤੋਂ ਪਹਿਲਾਂ ਕਈ ਪਸ਼ੂ ਪੰਖੀ ਬਿਰਛ ਆਦਿਕ ਜੂਨੀਆਂ ਵਿਚ ਜਨਮ ਲਏਗਾ। ਇਸ ਸਿਧਾਂਤ ਦਾ ਨਾਮ ਤਨਾਸੁਖ ਅਥਵਾ ਯਥਾਰਥ ਆਵਾਗਮਨ (Transmigration of Metempsychosis) ਹੈ।

(ੲ) ਮਨੁਖ ਦੀ ਆਤਮਾ ਇਸ ਸਰੀਰ ਤੋਂ ਪਹਿਲੇ ਪੁਰਖ ਜਾਂ ਇਸਤ੍ਰੀ ਰੂਪ ਵਿਚ ਤਾਂ ਜਨਮ ਲੈਂਦਾ ਰਿਹਾ ਹੈ, ਪਰ ਪਸ਼ੂ ਪੰਖੀ ਬਿਰਛ ਆਦਿ ਹੋਕੇ ਕਦੀ ਨਹੀਂ ਜੰਮਿਆ, ਅਰ ਮੌਜੂਦਾ ਸ਼ਰੀਰ ਤਿਆਗਣ ਮਗਰੋਂ ਭੀ ਇਹ ਮੁਕਤ ਹੋਣ ਤਕ ਪੁਰਖ ਜਾ ਇਸਤ੍ਰੀ ਰੂਪ ਵਿਚ ਹੀ ਪੁਨਰ ਜਨਮ ਧਾਰਣ ਕਰੇਗਾ। ਇਸ ਸਿਧਾਂਤ ਦਾ ਨਾਉਂ ਪੁਨਰਭਾਵ (Re-Incarnation) ਹੈ।

(ਧੰਨਵਾਦ ਸਹਿਤ ਮਹਾਨ ਕੋਸ਼ ਵਿਚੋਂ)

ਨੋਟ : ਗੁਰਬਾਣੀ ਅਨੁਸਾਰ "ਅ" ਸਿਧਾਂਤ ਹੀ ਪੂਰਨ ਤੌਰ ਤੇ ਮੰਨਣ ਯੋਗ ਹੈ।

(ਸੰਪਾਦਕ)

★

ਦੇਹਧਾਰੀ ਸਤਿਗੁਰੂ

(ਸਫਾ ੫ ਦੀ ਬਾਕੀ)

ਸਮਾਂ ਹੋਰ ਹੈ ਇਸ ਕਰਕੇ ਇਥੇ ਪਰਸਪਰ ਵਿਰੋਧ ਨਹੀਂ। ਇਤਿਆਦਿਕ ਭਾਵ ਦਸਣ ਲਈ ਦੇਹਧਾਰੀ ਦੀ ਹੀ ਲੋੜ ਹੈ। ਆਤਮਿਕ ਗਿਆਨ ਤਾਂ ਦੇਹਧਾਰੀ ਸਤਿਗੁਰੂ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਮਾਰੂ ਸੋਹਲਿਆਂ ਵਿਚ ਫਰਮਾਉਂਦੇ ਹਨ—

ਵਾਚਹਿ ਪੁਸਤਕ ਵੇਦ ਪੁਰਾਨਾ।
ਇਕ ਬਹਿ ਸੁਨਹਿ ਸੁਨਾਵਹਿ ਕਾਨਾ।
ਅਜਗਰ ਕਪਟ ਕਹਹੁ ਕਿਉ ਖੁਲੈ,
ਬਿਨੁ ਸਤਿਗੁਰ ਤਤੁ ਨ ਪਾਇਆ।

(ਪੰਨਾ ੧੦੪੩)

ਆਦਿ ਸ੍ਰੀ ਗਰੰਥ ਸਾਹਿਬ ਦਾ ਸੰਕਲਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਸੀ। ਇਹ ਠੀਕ ਹੈ ਕਿ ਇਸ ਵਿਚ ਸਤਿਗੁਰੂਆਂ ਦੀ ਪਵਿਤ੍ਰ ਬਾਣੀ ਹੈ। ਬਾਣੀ ਦੇ ਰੂਪ ਵਿਚ ਇਸ ਦੇ ਤੁਲ ਹੋਰ ਕੋਈ ਬਾਣੀ ਨਹੀਂ। ਇਸ ਦਾ ਜੋਗ ਸਤਿਕਾਰ ਵੀ ਗੁਰੂ ਅਰਜਨ ਦੇਵ ਜੀ ਨੇ ਕੀਤਾ। ਆਪ ਦੇਹਧਾਰੀ ਸਤਿਗੁਰੂ ਸਨ ਅਤੇ ਆਪ ਨੇ ਇਹ ਚੰਗੀ ਤਰਾਂ ਅਨੁਭਵ ਕੀਤਾ ਸੀ ਕਿ ਸੰਸਾਰ ਦੀ ਕਲਿਆਣ ਕੇਵਲ ਦੇਹਧਾਰੀ ਸਤਿਗੁਰੂ ਹੀ ਕਰ ਸਕਦਾ ਹੈ। ਭਾਵੇਂ ਆਦਿ ਬੀੜ ਦਾ ਕਿਤਨਾ ਸਤਿਕਾਰ ਆਪ ਕੀਤਾ ਅਤੇ ਕਰਾਇਆ ਪਰ ਗੁਰ ਗੱਦੀ ਦੇ ਮਾਲਿਕ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਸਥਾਪਨ ਕੀਤਾ।

ਪੁਸਤਕਾਂ ਪੜ੍ਹਕੇ ਪੁਰਸ਼ ਨੂੰ ਸ਼ਾਂਤੀ ਨਹੀ ਮਿਲਦੀ, ਵਿਕਾਰ ਦੂਰ ਨਹੀਂ ਹੁੰਦੇ ਅਤੇ ਮਨ ਦਾ ਟਿਕਾਉ ਨਹੀਂ ਹੁੰਦਾ। ਮਨ ਦਾ ਟਿਕਾਉ ਨਾਮ ਲੈਣ ਨਾਲ ਹੀ ਹੁੰਦਾ ਹੈ ਅਤੇ ਨਾਮ ਦੇਹਧਾਰੀ ਪਾਸੋਂ ਹੀ ਮਿਲਦਾ ਹੈ। ਇਸ ਸੰਬੰਧ ਵਿਚ ਆਪਨੇ ਗਰੰਥ ਸਾਹਿਬ ਵਿਚ ਬੜੇ ਸਰਲ ਸ਼ਬਦਾਂ ਵਿਚ ਲਿਖ ਦਿਤਾ ਹੈ—

ਪੜੇ ਰੇ ਸਗਲ ਬੇਦ* ਨਹ ਚੂਕੈ ਮਨ ਭੇਦ
ਇਕੁ ਖਿਨੁ ਨਾ ਧੀਰਹਿ ਮੇਰੇ ਘਰ ਕੇ ਪੰਚਾ।
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ
ਇਕ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ।

(ਧਨਾਸਰੀ ਮਹਲਾ ੫ ਪੰਨਾ ੬੮੭)

ਆਪ ਜੀ ਨੇ ਗੁਰਮੰਤ੍ਰ ਨਾ ਲੈਣ ਵਾਲੇ ਪ੍ਰਾਣੀ ਵਾਸਤੇ ਸਹਸ ਕ੍ਰਿਤੀ ਸਲੋਕਾਂ ਵਿਚ ਇਹੋ ਜਿਹੇ ਸ਼ਬਦ ਵਰਤੇ ਹਨ ਕਿ ਜੇ ਕੋਈ ਸਾਧਾਰਣ ਵਿਅਕਤੀ ਇਸ ਤਰਾਂ ਦਾ ਕੋਈ ਸ਼ਬਦ ਕਿਸੇ ਨੂੰ ਆਖੇ ਤਾ ਉਹ ਸੁਣ ਨਹੀਂ ਸਕਦਾ। ਸ੍ਰੀ ਗੁਰੂ ਜੀ ਦਾ ਫੁਰਮਾਨ ਹੈ—

ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ
ਧ੍ਰਿਗੰਤ ਜਨਮ ਭ੍ਰਸਟਣਹ।
ਕੂਕਰਹ ਸੂਕਰਹ ਗਰਧਭਹ
ਕਾਕਹ ਸਰਪ ਨਹ ਤੁਲ ਖਲਹ।

ਭਾਵ, ਜਿਸ ਮਨੁਖ ਨੇ ਸਤਿਗੁਰੂ ਪਾਸੋਂ ਗੁਰਮੰਤ੍ਰ (ਨਾਮ) ਨਹੀਂ ਲਿਆ ਉਹ ਕੁਤੇ, ਸੂਰ, ਗਧੇ, ਕਾਂ ਅਤੇ ਸੱਪ ਵਰਗਾ ਵੀ ਨਹੀਂ। ਗੁਰਮੰਤ੍ਰ ਕੰਨ ਵਿਚ ਹੀ ਸੁਣਿਆਂ ਜਾ ਸਕਦਾ ਹੈ ਅਤੇ ਕੰਨ ਵਿਚ ਸੁਣਾਉਣ ਦੀ ਸ਼ਕਤੀ ਕੇਵਲ ਦੇਹਧਾਰੀ ਦੀ ਹੀ ਹੈ। ਆਪ ਫੁਰਮਾਉਂਦੇ ਹਨ—

ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਠਿਓ
ਮੰਤ੍ਰੁ ਦੀਓ ਗੁਰ ਕਾਨ।

(ਕਾਨੜਾ ਮਹਲਾ ੫ ਪੰਨਾ ੧੩੦੨)

ਗਿਆਨੀ ਗਿਆਨ ਸਿੰਘ ਜੀ ਸਿਖ ਪੰਥ ਵਿਚ ਇਕ ਪ੍ਰਸਿਧ ਇਤਿਹਾਸਕਾਰ ਹੋਏ ਹਨ। ਆਪਨੇ ੨੬ ਪੁਸਤਕਾਂ ਪੰਜਾਬੀ ਅਤੇ ੯ ਉਰਦੂ ਵਿਚ ਲਿਖੀਆਂ ਹਨ। ਆਪ ਦੇ ਲਿਖੇ ਹੋਏ ਪੰਥ ਪ੍ਰਕਾਸ਼ ਦੀ ਪਹਿਲੀ ਤੋਂ ਬਾਦ ਦੀਆਂ ਐਡੀਸ਼ਨਾਂ ਵਿਚ ਇਹ ਦੋਹਰੇ 'ਸ੍ਰੀ ਮੁਖ ਵਾਕ'

---

*'ਬੇਦ' ਤੋਂ ਭਾਵ ਏਥੇ ਉਹ ਪੁਸਤਕਾਂ ਹਨ ਜਿਨਾਂ ਤੋਂ ਗਿਆਨ ਜਾਂ ਇਲਮ ਦੀ ਪ੍ਰਾਪਤੀ ਹੁੰਦੀ ਹੋਵੇ।

(ਦਸਮੇਸ਼ ਜੀ ਵਲੋਂ) ਉਚਾਰੇ ਹੋਏ ਦਸੇ ਗਏ ਹਨ—

ਆਗਿਆ ਭਲੀ ਅਕਾਲ ਕੀ
ਤਬੀ ਚਲਾਇਓ ਪੰਥ ।
ਸਭ ਸਿਖਨ ਕੋ ਹੁਕਮ ਹੈ
ਗੁਰੂ ਮਾਨੀਓ ਗਰੰਥ ।
ਗੁਰੂ ਗਰੰਥ ਜੀ ਮਾਨੀਓ
ਪ੍ਰਗਟ ਗੁਰਾਂ ਕੀ ਦੇਹ ।
ਜਾਂ ਕਾ ਹਿਰਦਾ ਸੁਧ ਹੈ
ਖੋਜ ਸ਼ਬਦ ਮੈਂ ਲੇਹ ।

ਇਹ ਦੋਹਰੇ ਗਿਆਨੀ ਜੀ ਨੇ ਆਪ ਲਿਖੇ ਹੋਣ, ਲਿਖਵਾਏ ਗਏ ਹੋਣ ਜਾਂ ਬਾਦ ਵਿਚ ਦੀ ਆਖੇਪਕਾਰੀ ਹੋਵੇ, ਇਹ ਪ੍ਰਸ਼ਨ ਵੀਚਾਰਨ ਵਾਲਾ ਹੈ । ਇਸ ਵਿਚ ਦੋ ਕਾਰਣ ਹਨ । ਪਹਿਲਾਂ ਤਾਂ ਏਹ ਕਿ ਇਨਾ ਦੋਹਰਿਆਂ ਤੋਂ ਬਾਦ ਜਿਥੇ ਗਿਆਨੀ ਜੀ ਦੀ ਆਪਣੀ ਕਵਿਤਾ ਆਰੰਭ ਹੁੰਦੀ ਹੈ ਓਥੇ ਏਨਾਂ ਬਾਰੇ ਲਿਖਿਆ ਹੈ—

ਲਿਖੇ ਕੇਸਰਾ ਸਿੰਘ ਦੀ ਸਾਖੀ,
ਮਾਹਿ ਵਾਰਤਕ ਹੈ ਜੋ ਭਾਖੀ ।

ਭਾਵ, ਕਿ ਏਹ ਕੇਸਰ ਸਿੰਘ ਛਿਬਰ ਨੇ ਜੋ ਬੰਸਾਵਲੀ ਨਾਮਾ ਲਿਖਿਆ ਹੈ ਅਤੇ ਜੋ ਕਵਿਤਾ ਵਿਚ ਨਹੀਂ ਲਿਖੇ ਬਲਕਿ ਵਾਰਤਿਕ ਵਿਚ ਹੈ ਇਥੋਂ ਲਿਖੇ ਹਨ ਯਾਨੀ ਉਥੋਂ ਲਏ ਹਨ ।

ਗਿਆਨੀ ਜੀ ਦੀਆਂ ਆਪਣੀਆਂ ਤੁਕਾਂ ਹੀ ਇਨ੍ਹਾਂ ਦੋਹਰਿਆਂ ਦਾ 'ਸ੍ਰੀ ਮੁਖਵਾਕ' ਹੋਣਾ ਗਲਤ ਸਿਧ ਕਰ ਦਿੰਦੀਆਂ ਹਨ । 'ਦੋਹਰਾ' ਕਵਿਤਾ ਦੇ ਨਿਯਮ ਅਨੁਸਾਰ ਹੈ ਪਰ 'ਵਾਰਤਕ' ਕਵਿਤਾ ਦੇ ਬੰਧਨ 'ਚ ਨਹੀਂ । ਇਹ ਸਭ ਸਮਝਦੇ ਹਨ । ਸੋ ਏਹ ਨਿਰਣਾ ਤਾ ਨਿਰਵਿਰੋਧ ਸਪਸ਼ਟ ਹੈ ਕਿ ਇਹ ਦੋਹਰੇ ਸ੍ਰੀ ਮੁਖਵਾਕ ਨਹੀਂ ਹਨ । ਕਿਉਂਕਿ ਦਸਮੇਸ਼ ਜੀ ਦਾ ਜੇ ਕੋਈ ਫੁਰਮਾਨ ਹੈ ਤਾਂ ਉਹ ਕੇਸਰ ਸਿੰਘ ਛਿਬਰ ਦੇ ਬੰਸਾਵਲੀ ਨਾਮੇ ਵਿਚ ਹੈ ਜੋ ਕਵਿਤਾ ਨਹੀਂ, ਵਾਰਤਕ ਹੈ ।

ਦੂਸਰਾ ਕਾਰਣ ਏਹ ਹੈ ਕਿ ਇਨ੍ਹਾਂ ਦੋਹਰਿਆਂ ਅਨੁਸਾਰ ਗਰੰਥ ਸਾਹਿ, ਜੀ ਗੁਰੂ ਬਣ ਗਏ ਜਾਂ ਓਹ ਗਿਆਨੀ ਗਿਆਨ ਸਿੰਘ ਜੀ, ਜਿਨ੍ਹਾਂ ਵਲੋਂ ਇਹ ਲਿਖੇ ਹੋਏ ਦਸੇ ਜਾਂਦੇ ਹਨ, ਆਪ ਗਰੰਥ ਸਾਹਿਬ ਦੇ ਸਿਖ ਕਿਉਂ ਨਾ ਬਣੇ ? ਜੇ ਕਰ ਏਨਾਂ ਦੋਹਰਿਆਂ ਅਨੁਸਾਰ ਦਸਮੇਸ਼ ਜੀ ਨੇ ਆਪਣੀ ਜਗਾ ਸ੍ਰੀ ਗਰੰਥ ਸਾਹਿਬ ਨੂੰ ਸਥਾਪਨ ਕਰ ਦਿਤਾ ਸੀ ਤਾਂ ਗਿਆਨੀ ਜੀ ਨੂੰ ਆਤਮਿਕ ਸ਼ਾਂਤੀ ਵਾਸਤੇ ਗੁਰੂ ਲਭਣ ਦੀ ਲੋੜ ਕਿਉਂ ਪਈ ਅਤੇ ਆਪ ਨੇ ਕਿਤਨਾ ਚਿਰ ਆਤਮਿਕ ਗਿਆਨ ਲੈਣ ਲਈ ਗੁਰੂ ਲਭਦਿਆਂ ਕਿਉਂ ਬਿਤਾਇਆ ?

ਗਿਆਨੀ ਜੀ ਲਿਖਦੇ ਹਨ—

ਘਰ ਤੇ ਨਿਕਸ ਫਿਰਿਓ ਆਵਾਰੇ,
ਬਹੁ ਭੇਖਨ ਕੇ ਗਇਓ ਦਵਾਰੇ ।
ਗਜਾਨ ਬ੍ਰਹਮਾਤਮ ਦਾਨ ਨ ਦੈ ਹੈ ।
ਭੇਖ ਰੇਖ ਦੈਨੀ ਦਿਢ ਚੈ ਹੈ ।

ਸ੍ਰੀ ਗੁਰ ਪੰਥ ਪ੍ਰਕਾਸ਼ ਉਤ੍ਰਾਰਧ
ਬਿਸ੍ਰਾਮ ੬੦)

ਗਿਆਨੀ ਜੀ ਨੇ ਕਿਤਨੇ ਹੀ ਭੇਖਾਂ ਨੂੰ ਫਿਰ ਫਿਰ ਕੇ ਤਕਿਆ ਅਤੇ ਆਪ ਕੁਛ ਚਿਰ ਗੁਲਾਬ ਦਾਸੀਆਂ ਵਿਚ ਵੀ ਰਹੇ । ਪਰ ਆਪ ਨੂੰ ਨਿਰਮਲ ਭੇਖ ਠੀਕ ਲਗਿਆ । ਆਪ ਲਿਖਦੇ ਹਨ—

ਸੰਤ ਨਿਰਮਲੇ ਫਿਰ ਜਬ ਪੇਖੇ
ਧੀਰਜ ਤਹਿ ਇਸ ਅਧੇ ਬਿਸੇਖੇ

(ਉਤ੍ਰਾਰਧ ਬਿ: ੬੦)

ਭੇਖ ਤਾਂ ਆਪਨੇ ਚੁਣ ਲਿਆ ਪਰ ਫਿਰ ਆਪ ਨੂੰ ਇਹ ਲੋੜ ਪਈ ਕਿ ਇਸ ਭੇਖ ਵਿਚੋਂ ਕਿਹੜੇ ਮਹਾਂ-ਪੁਰਖ ਹੋਣ ਜਿਨਾਂ ਤੋਂ ਓਨਾਂ ਨੂੰ ਆਤਮਿਕ ਸ਼ਾਂਤੀ ਮਿਲੇ । ਗਿਆਨੀ ਜੀ ਦੀ ਜੀਵਨੀ ਲਿਖਦੇ ਹੋਏ ਹਰਿ-ਮੰਦਰ ਸਾਹਿਬ ਦੇ ਮੁਖ ਗਰੰਥੀ ਗਿ: ਕ੍ਰਿਪਾਲ ਸਿੰਘ ਜੀ ਲਿਖਦੇ ਹਨ—

ਇਹ ਨਿਸ਼ਚਾ ਕਰਕੇ ਹੁਣ ਉਹ
ਨਿਰਮਲੇ ਸੰਤਾਂ ਵਿਚੋਂ ਕਿਸੇ ਉਚ
ਜੀਵਨ ਵਾਲੇ ਨਾਮ ਅਭਿਆਸੀ
ਕਹਿਣੀ ਕਰਣੀ ਦੇ ਪੂਰੇ ਗੁਰਮੁਖ

ਮਹਾਂ ਪੁਰਖ ਪੂਰਨ ਸੰਤ ਦੀ ਤਲਾਸ਼
ਵਿਚ ਸਨ ਜੋ ਸਿਖੀ ਦੀ
ਚਲਦੀ ਫਿਰਦੀ ਤਸਵੀਰ ਹੋਵੇ।

(ਪ੍ਰਸਤਾਵਨਾ ਸ੍ਰੀ ਗੁਰ ਪੰਥ ਪ੍ਰਕਾਸ਼ ਪੰਨਾ ੪੯)

ਗਿਆਨੀ ਜੀ ਨੇ ਬਰਨਾਲਾ ਸਥਿਤ ਡੇਰਾ ਬਾਬਾ ਗਾਂਧਾ ਸਿੰਘ ਜੀ ਦੇ ਜਾਨਸ਼ੀਨ ਸੰਤ ਬਾਬਾ ਬੀਰ ਸਿੰਘ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਪਾਸੋਂ ਉਪਦੇਸ਼ ਲਿਆ। ਇਸ ਵ੍ਰਿਤਾਂਤ ਦਾ ਵਰਣਨ ਗਿਆਨੀ ਜੀ ਦੀ ਆਪਣੀ ਕਲਮ ਤੋਂ ਇਉਂ ਹੈ—

ਮੋਹਨਿ ਮੂਰਤਿ ਆਨੰਦ ਪੂਰਤਿ।
ਹਰਤ ਕਦੂਰਤ ਅਜਮਤ ਸੂਰਤਿ।
ਕੋਮਲ ਚਿਤ ਸਭ ਕੇ ਹਿਤਕਾਰੀ।
ਦਾਸਨ ਕੋ ਕਰਤੇ ਭਵ ਪਾਰੀ।
ਕਾਮੀ ਕਪਟੀ ਅਧਮ ਬਿਸੇਸੈਂ।
ਹਮ ਸੇ ਅਜਗਨ ਜੀਵ ਬਿਸ਼ੇਸੈਂ।
ਪੋਤ ਪਦਮ ਪਦ ਗਹਿਕੈ ਉਨ ਕੇ।
ਭਰੇ ਭਵਾਂ ਬੁਧ ਧਾਮ ਅਗੁਨ ਕੇ।
ਦਰਸਨ ਪਾਇ ਸਰਸ ਉਪਦੇਸੈਂ।
ਭ੍ਰਮ ਭ੍ਰਮ ਭੇਦ ਕਲੇਸ ਅਸੇਸੈਂ।
ਤਮ ਅਗਿਆਨ ਸਕਾਰਜ ਨਾਸਾ।
ਬ੍ਰਹਮ ਗਿਆਨ ਰਵਿਉਰ ਪ੍ਰਕਾਸਾ।
ਬਚਨ ਸ੍ਰੀ ਗੁਰ ਅਰਜਨ ਕੇਰਾ।
ਸਫਲ ਐਨ ਤਹ ਨੈਨ ਸੁ ਹੇਰਾ।
'ਸਾਧ ਕੈ ਸੰਗ ਨਹੀਂ ਕਛੁ ਘਾਲ।
ਦਰਸਨ ਭੇਟਤ ਹੋਤ ਨਿਹਾਲ।'

ਦੋਹਰਾ—

ਸੁਧਾ ਦ੍ਰਵਤ ਜਿਉਂ ਚੰਦ੍ਰ ਮਨਿ,
ਕੁਮਦਿ ਖਿਰੈ ਸਸਿ ਹੇਰਿ।
ਤਿਓਂ ਦਰਸਤ ਹੀ ਉਨੈਂ ਮੈ,
ਬਯੋ ਨਿਹਾਲ ਬਧੇਰ।
ਸੰਤ ਮਹੰਤ ਅਨੰਤ ਹੀ,
ਜਾਨਤ ਤਿਨੈਂ ਬ੍ਰਿਤੰਤ।
ਰਾਜ ਜੋਗ ਤਿਨ ਐਨ ਕੀਯ,
ਰਵਿ ਸਮ ਭਏ ਮਹੰਤ।

(ਉਤ੍ਰਾਰਧ ਬਿ: ੬੦)

ਗਿਆਨੀ ਜੀ ਇਨ੍ਹਾਂ ਦੇ ਸਿਖ ਬਣੇ ਅਤੇ ਇਨ੍ਹਾਂ ਦੀ ਸਿਫਤ ਗਿਆਨੀ ਜੀ ਨੇ ਜੋ ਕੀਤੀ ਹੈ ਉਸ ਵਿਚ "ਸਤਿਗੁਰੂ" ਸ਼ਬਦ ਭਾਵੇਂ ਨਹੀਂ ਲਿਖਿਆ ਪਰ ਸਿਫਤ ਵਿਚ ਕੋਈ ਕਮੀ ਨਹੀਂ ਛਡੀ। ਇਹ ਕੁਛ ਏਸੇ ਕਰਕੇ ਹੈ ਕਿ ਪੁਰਸ਼ ਨੂੰ ਆਤਮਿਕ ਸ਼ਾਂਤੀ ਦੇਹਧਾਰੀ ਸਤਿਗੁਰੂ ਬਿਨਾਂ ਪ੍ਰਾਪਤ ਹੋ ਹੀ ਨਹੀਂ ਸਕਦੀ। ਪੁਸਤਕਾਂ ਨੂੰ ਤਾਂ ਪੜ੍ਹੇ ਹੋਏ ਹੀ ਪੜ੍ਹ ਸਕਦੇ ਹਨ। ਜੇ ਕੋਈ ਅਨਪੜ੍ਹ ਜਾ ਕੇ ਸ੍ਰੀ ਗਰੰਥ ਸਾਹਿਬ ਜੀ ਦਾ ਦਰਸ਼ਨ ਕਰੇ, ਪੜ੍ਹ ਉਹ ਸਕਦਾ ਨਹੀਂ ਤਾਂ ਉਹ ਨਾਮ ਦੀ ਦਾਤ ਜਾਂ ਕਿਸੇ ਤਰ੍ਹਾਂ ਦਾ ਕੋਈ ਗਿਆਨ ਕਿਸਤਰਾਂ ਪ੍ਰਾਪਤ ਕਰ ਸਕਦਾ ਹੈ? ਸਿਖਾਂ ਵਿਚ ਪੜ੍ਹੇ ਹੋਏ ਵੀ ਬਹੁਤ ਹਨ ਪਰ ਜੇ ਗਿਣਤੀ ਕੀਤੀ ਜਾਵੇ ਤਾਂ ਅਨਪੜ੍ਹ ਸ਼ਾਇਦ ਵਧ ਜਾਣ ਜਾਂ ਬਰਾਬਰ ਹੋਣ। ਜੇ ਸ੍ਰੀ ਗਰੰਥ ਸਾਹਿਬ ਜੀ ਗੁਰੂ ਹਨ ਤਾਂ ਓਨਾਂ ਦੇ ਸਿਖ ਤਾਂ ਪੜ੍ਹੇ ਹੋਏ ਹੀ ਹੋ ਸਕਦੇ ਹਨ ਅਨਪੜ੍ਹ ਨਹੀਂ ਹੋ ਸਕਦੇ।

ਪਰ ਇਹ ਨਹੀਂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਰੰਥ ਸਾਹਿਬ ਵਿਚ ਹੀ ਫੁਰਮਾਇਆ ਹੈ—

ਜੋ ਪ੍ਰਾਣੀ ਗੋਬਿੰਦ ਧਿਆਵੈ,
ਪੜਿਆ ਅਨ ਪੜਿਆ ਪਰਮ ਗਤ ਪਾਵੈ।

(ਪੰਨਾ ੧੯੭)

ਗੋਬਿੰਦ ਧਿਆਉਣ ਦੀ ਵਿਧੀ ਦੇਹਧਾਰੀ ਸਤਿਗੁਰੂ ਤੋਂ ਹੀ ਪ੍ਰਾਪਤ ਹੋ ਸਕਦੀ ਹੈ ਅਤੇ ਤਾਂ ਹੀ ਪੜ੍ਹਿਆ ਜਾਂ ਅਨਪੜ੍ਹ ਪਰਮਗਤ ਪਾ ਸਕਦਾ ਹੈ।

ਡਾ: ਤਾਰਨ ਸਿੰਘ ਜੀ ਗਰੰਥ ਸਾਹਿਬ ਨੂੰ ਗੁਰੂ ਮੰਨਣ ਦੇ ਕਾਇਲ ਹਨ। ਅਤੇ ਪੰਜਾਬੀ ਯੂਨੀਵਰਸਿਟੀ ਵਿਚ 'ਸ੍ਰੀ ਗੁਰੂ ਗਰੰਥ ਸਾਹਿਬ ਅਧਯੈਨ ਵਿਭਾਗ ਦੇ ਮੁਖੀ ਹਨ। ਉਹ ਵੀ ਇਹ ਲਿਖਦੇ ਹਨ—

"ਧਰਮ ਪੁਸਤਕਾਂ ਦੇ ਪਾਠ
ਭਗਤੀ ਨਹੀਂ ਹਨ ਉਸਦਾ

ਸਾਧਨ ਹਨ"

(ਗੁਰਮਤਿ ਪ੍ਰਕਾਸ਼ ਨਵੰਬਰ
੧੯੬੮ ਪੰਨਾ ੧੮੬)

ਸੋ ਪੁਸਤਕਾਂ ਵਿਚੋਂ ਨਾਮ ਲਭਣਾ ਜਾਂ ਮੁਕਤੀ ਦੀ ਪ੍ਰਾਪਤੀ ਬਾਰੇ ਆਸਾ ਰਖਣੀ ਨਿਰਾਰਥ ਹੈ। ਨਾਮ ਦੀ ਪ੍ਰਾਪਤੀ ਦੇਹਧਾਰੀ ਸਤਿਗੁਰੂ ਪਾਸੋਂ ਹੀ ਹੁੰਦੀ ਹੈ ਅਤੇ ਜਿਗਿਆਸੂ ਨੂੰ ਇਹ ਸੋਚਣਾ ਠੀਕ ਨਹੀਂ ਕਿ ਅਮੁਕਾ ਕੰਮ ਕਰ ਲਵਾਂ ਫੇਰ ਨਾਮ ਪੁਛ ਲਵਾਂਗਾ ਜਾਂ ਫਲਾਣੀ ਤ੍ਰੀਕ ਨੂੰ ਜਾਕੇ ਨਾਮ ਪੁਛਾਂਗਾ ਅਤੇ ਆਪਣੀ ਜੀਵਨ ਯਾਤਰਾ ਸਫਲ ਕਰਾਂਗਾ। ਇਸ ਸ਼ੁਭ ਕਾਰਜ ਵਾਸਤੇ ਉਡੀਕ ਕਰਨੀ ਠੀਕ ਨਹੀਂ।

ਸ੍ਰੀ ਗੁਰੂ ਰਾਮਦਾਸ ਜੀ ਬਿਹਾਗੜੇ ਰਾਗ ਵਿਚ ਫਰਮਾਉਂਦੇ ਹਨ—

ਸਭ ਜਾਇ ਮਿਲਹੁ ਸਤਿਗੁਰੂ ਕਉ,
ਮੇਰੀ ਜਿੰਦੁੜੀਏ ਜੋ ਹਰਿ ਹਰਿ ਨਾਮ,
ਦ੍ਰਿੜਾਵੈ ਰਾਮ। ਹਰਿ ਜਪਦਿਆ
ਖਿਨੁ ਢਿਲ ਨਾ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ।

(ਪੰਨਾ ੬੪੦)

●

ਸਹਾਇਤਾ

ਨਿਰੀਖਿਅਕ ਦੇ ਪਹਿਲੇ ਅੰਕ ਦੇ ਵਿਚਲੇ ਛਪੇ ਲੇਖਾਂ ਤੇ ਇਸ ਦੀ ਚੰਗੀ ਦਿੱਖ ਨੂੰ ਦੇਖਦਿਆਂ ਹੋਇਆਂ ਹੇਠ ਲਿਖੇ ਦਾਨੀ ਸਜਣਾਂ ਵਲੋਂ ਜੋ ਮਾਇਆ ਸਹਾਇਤਾ ਵਾਸਤੇ ਭੇਜੀ ਗਈ ਹੈ ਨਿਰੀਖਿਅਕ ਵਲੋਂ ਉਹਨਾਂ ਦਾ ਬਹੁਤ ਬਹੁਤ ਧੰਨਵਾਦ।

੧. ਗੁਪਤ ਸਹਾਇਤਾ (ਜਿਹਨਾਂ ਨੇ ਆਪਣਾ ਨਾਂ ਨਹੀਂ ਦਸਿਆ) ਪੰਜ ਸੌ ਰੁਪਏ।

੨. ਸੰਤ ਮਹਿੰਦਰ ਸਿੰਘ ਜੀ ਬਾਲੀ ਨਗਰ ਵਾਲਿਆਂ ਵਲੋਂ ਇਕ ਸੌ ਰੁਪਏ।

੩. ਸੰਤ ਲਾਭ ਸਿੰਘ ਜੀ ਨੇ ਆਪਣੇ ਸਪੁੱਤਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ਗਿਆਰਾਂ ਰੁਪਏ।

ਧਰਤੀ ਹੋਰ ਪਰੇ ਹੋਰ ਹੋਰ

ਅਨੁਵਾਦਕ : ਠਾਕੁਰ ਦਲੀਪ ਸਿੰਘ ਜੀ

ਅਜ ਦੇ ਪਦਾਰਥਵਾਦ ਸਮੇਂ ਵਿਚ ਜਦੋਂ ਕਿ ਧਰਮ ਨੂੰ ਤਿਲਾਂਜਲੀ ਦਿਤੀ ਜਾ ਰਹੀ ਹੈ, ਧਰਮੀ ਮਹਾਂ-ਪੁਰਸ਼ਾਂ ਦੀਆਂ ਕਹੀਆਂ ਹੋਈਆ ਗਲਾਂ ਸਚੀਆਂ ਦਿਸਣ ਲਗ ਪਈਆਂ ਹਨ। ਅਜ ਇਸ ਧਰਤੀ ਤੋਂ ਇਲਾਵਾ ਕਈ ਹੋਰ ਧਰਤੀਆਂ ਬਾਰੇ ਵੀ ਪਤਾ ਲਗ ਰਿਹਾ ਹੈ ਅਤੇ ਉਸ ਉਪਰ ਰਹਿ ਰਹੇ ਮਨੁਖੀ ਜੀਵਨ ਬਾਰੇ ਜਦੋਂ ਕਿ ਤੁਸੀਂ ਸੋਚ ਵੀ ਨਹੀਂ ਸਕਦੇ ਨੇ ਇਕ ਪਹਿਲਾ ਤੇ ਅਨੋਖਾ ਕ੍ਰਿਸ਼ਮਾ ਕਰ ਦਿਖਾਇਆ ਹੈ ਜੋ ਕਿ ਦੁਨੀਆਂ ਲਈ ਇਕ ਅਚੰਭਾ ਜਿਹਾ ਬਣ ਗਿਆ ਹੈ। ਇਸ ਬਾਰੇ ਅਮਰੀਕਾ ਦੇ ਇੰਨਕੁਆਰਿਰ ਦੇ ਐਡੀਟਰਾਂ ਸ੍ਰੀ ਵਿਲਿਅਮ ਡਿੱਕ ਅਤੇ ਹੈਨਰੀ ਗਰਿਜ਼ ਕੋਲੋਂ ਰੂਸ ਦੇ ਇਕ ਮੁਖੀ ਸ਼ਹਿਰ ਪੈਟਰੋਚੈਵੋਸਕ ਤੇ ਹੋਏ ਇਸ ਉੱਡਣ ਤਸ਼ਤਰੀ ਦੇ ਹਮਲੇ ਬਾਰੇ ਪੜ੍ਹੋ—

ਉੱਡਣ-ਤਸ਼ਤਰੀ ਜਿਸ ਨੂੰ ਯੂ. ਐਫ. ਓ. (ਅਨ ਆਈਡੈਂਟੀਫਾਈਡ ਫਲਾਇੰਗ ਅਬਜੈਕਟ) ਕਿਹਾ ਜਾਂਦਾ ਹੈ। ਮੱਛੀ ਦੀ ਸ਼ਕਲ ਵਾਂਗ ਤੇ ਇਕ ਫੁਟਬਾਲ ਦੇ ਮੈਦਾਨ ਜਿੰਨੀ ਵਡੀ ਨੇ ਰੂਸ ਦੇ ਇਕ ਸ਼ਹਿਰ ਤੇ ਹਮਲਾ ਕੀਤਾ ਅਤੇ ਬਹੁਤ ਸੁਨਹਿਰੀ ਰੋਸ਼ਨੀ ਦੀਆਂ ਕਿਰਣਾਂ ਹੇਠਾਂ ਸੁਟੀਆਂ ਜਿਸ ਨੇ ਬਾਰੀਆਂ ਦੇ ਸ਼ੀਸ਼ਿਆਂ ਅਤੇ ਰਸਤੇ ਦੇ ਪਥਰਾਂ ਵਿਚ ਛੇਕ ਕਰ ਦਿਤੇ। ਉਥੋਂ ਦੇ ਸੈਂਕੜੇ ਵਸਨੀਕਾਂ ਦੇ ਅਖੀਂ ਵੇਖਣ ਅਨੁਸਾਰ।

ਇਹ ਡਰਾਉਣੀ ਘਟਨਾ ਸਭ ਤੋਂ ਪਹਿਲੀ ਘਟਨਾ ਹੈ ਜਿਸ ਨੇ ਸ਼ਹਿਰ ਵਿਚ ਤਬਾਹੀ ਕੀਤੀ। ਇਹ ਵਡੀ ਚੀਜ਼ ਜਦੋਂ ਪੈਟਰੋਜ਼ੈਵੋਸਕ ਸ਼ਹਿਰ ਵਿਚ ਪਿਛਲੀ ਸਤੰਬਰ ਦੀ ਵੀਹ ਤਰੀਕ ਨੂੰ ਸਵੇਰ ਦੇ ਲਗ-ਭਗ ਚਾਰ ਵਜੇ ਦਿਖਾਈ ਦਿਤੀ ਤਾਂ ਇਸ ਨੇ ਕਾਲੇ ਅਸਮਾਨ ਨੂੰ ਰੁਸ਼ਨਾ ਦਿਤਾ ਅਤੇ ਇਹ ਤਕਰੀਬਨ 12 ਮਿੰਟ ਤਕ ਦੇਖੀ ਗਈ।

ਜਦੋਂ ਸ਼ਹਿਰ ਦੇ ਨਿਵਾਸੀਆਂ ਨੇ ਯੂ. ਐਫ. ਓ. ਨੂੰ ਵੇਖਿਆ ਤਾਂ ਬਹੁਤ ਸਾਰੇ ਡਰ ਨਾਲ ਬੇਹੋਸ਼ ਹੋ ਗਏ। ਸਮੁੰਦਰ ਦੇ ਕੰਢੇ ਤੇ ਰਹਿਣ ਵਾਲੇ ਇਕ ਟੋਲੇ ਨੇ ਇਸ ਡਰ ਤੋਂ ਕਿ ਇਹ ਸ਼ਹਿਰ ਅਮਰੀਕਾ ਦੇ ਪ੍ਰਮਾਣੂ ਹਮਲੇ ਦਾ ਨਿਸ਼ਾਨਾ ਸੀ ਤਾਂ ਉਹ ਇਹ ਕਹਿੰਦੇ ਹੋਏ ਕਿ 'ਇਹ ਅੰਤ ਹੈ' ਉਥੋਂ ਸਰਕਣਾ ਸ਼ੁਰੂ ਕਰ ਦਿਤਾ।

ਸੋਵੀਅਤ ਸਰਕਾਰ ਨੇ ਜਲਦੀ ਹੀ ਇਕ ਉਚ ਪਧਰੀ ਵਿਗਿਆਨਕ ਪੜਤਾਲ ਸ਼ੁਰੂ ਕਰ ਦਿਤੀ ਅਤੇ ਇਸ ਦੀ ਪੜਤਾਲ ਦੀ ਸੁਰੱਖਿਆ ਪ੍ਰਤੀ ਕਰੜਾ ਰਵੱਈਆ ਅਪਣਾਇਆ। ਫੇਰ ਵੀ 'ਇਨਕੁਆਇਰਰ' ਇਸ ਗਲ ਵਿਚ ਕਾਮਯਾਬ ਹੋ ਗਿਆ ਕਿ ਉਹ ਸਰਕਾਰੀ ਗੁਪਤ ਭੇਦਾਂ ਨੂੰ ਜਿਹੜੇ ਕਿ ਘਟਨਾ ਨਾਲ ਸਬੰਧਿਤ ਹਨ, ਜਾਣ ਸਕੇ ਅਤੇ 'ਤਾਸ' ਜਿਹੜੀ ਕਿ ਸਰਕਾਰੀ ਸੋਵੀਅਤ ਨਿਊਜ਼ ਏਜੰਸੀ ਹੈ, ਦੇ ਐਡੀਟਰ ਅਤੇ ਰਿਪੋਰਟਰ ਰੂਸ ਦੇ ਪ੍ਰਮੁਖ ਵਿਗਿਆਨੀਆਂ ਨਾਲ ਇਸ ਸਬੰਧ ਵਿਚ ਪੂਰੀ ਮੁਲਾਕਾਤ ਕਰ ਸਕੇ। ਜਿਨ੍ਹਾਂ ਵਿਚੋਂ ਕੁਝ ਨੂੰ ਇਹ ਪਕਾ ਯਕੀਨ ਸੀ ਕਿ ਯੂ. ਐਫ. ਓ. ਦੂਜੇ ਸੰਸਾਰ ਦਾ ਪੁਲਾੜੀ ਉਪ ਗ੍ਰਹਿ ਸੀ। ਉਹਨਾਂ ਅਤੇ ਹੋਰਾਂ ਗਵਾਹਾਂ ਨੇ 'ਇਨਕੁਆਇਰਰ' ਨੂੰ ਦਸਿਆ—ਸਰਕਾਰੀ ਪੜਤਾਲੀਆਂ ਨੇ ਇਹ ਪਾਇਆ ਕਿ ਯੂ.ਐਫ. ਓ. ਦੀਆਂ ਰੌਸ਼ਨੀ ਦੀਆਂ ਕਿਰਣਾਂ ਨੇ ਖਿੜਕੀਆਂ ਦੇ ਸ਼ੀਸਿਆਂ ਵਿਚ ਕਈ ਪ੍ਰਕਾਰ ਦੇ ਆਕਾਰ ਦੇ ਛੇਕ ਕਰ ਦਿਤੇ ਸਨ।

ਇਹ ਹੈਰਾਨੀ ਦੀ ਗਲ ਹੈ ਕਿ ਯੂ. ਐਫ. ਓ. ਪੈਟਰੋਜ਼ੋਵੈਸਕ ਸ਼ਹਿਰ ਵਿਚ ਅਗਲੇ ਪੰਜ ਜਾਂ ਛੇ ਮਹੀਨਿਆਂ ਵਿਚ ਹਰ ਮਹੀਨੇ ਪੰਜ ਜਾਂ ਛੇ ਵਾਰ ਵਿਖਾਈ ਦਿਤੀ। 185,000 ਲੋਕਾਂ ਦੇ ਸ਼ਹਿਰ ਉਪਰ ਪਿਛਲਾ ਦ੍ਰਿਸ਼ 'ਝੀਲ ਉਨੇਗਾ' ਦੇ ਪਛਮੀ ਘਾਟ ਤੇ 20 ਫਰਵਰੀ ਨੂੰ ਵੇਖਿਆ ਗਿਆ।

ਅਲੈਗਜਾਂਡਰ ਕਾਜਨਤਸੇਵ ਜਿਹੜਾ ਕਿ ਲਿਖਾਰੀ, ਭੌਤਿਕ ਵਿਗਿਆਨੀ, ਯੂ. ਐਫ. ਓ. ਦਾ ਪੜਤਾਲੀਆ ਅਤੇ ਮਾਸਕੋ ਵਿਚ ਭੌਤਿਕ ਵਿਗਿਆਨ ਦੀ ਖੋਜ ਦੇ ਗਰੁਪ ਦਾ ਮੁਖੀ ਹੈ, ਨੇ 'ਇਨਕੁਆਇਰਰ' ਨੂੰ ਦਸਿਆ ਕਿ ਸੋਵੀਅਤ ਵਿਗਿਆਨਕਾਂ ਦੀ ਅਕੈਡਮੀ ਦੇ ਇਕ ਖਾਸ ਕਮਿਸ਼ਨ ਨੂੰ ਇਸ ਘਟਨਾ ਦੀ ਪੜਤਾਲ ਕਰਨ ਲਈ ਥਾਪਿਆ ਗਿਆ, ਜਿਸ ਨੇ ਇਹ ਮਲੂਮ ਕੀਤਾ ਕਿ—ਰੌਸ਼ਨੀ ਦੀਆਂ ਕਿਰਣਾ ਨੇ ਖਿੜਕੀਆਂ ਦੇ ਸ਼ੀਸ਼ਿਆਂ ਅਤੇ ਪਥਰ ਦੇ ਫਰਸ਼ ਵਿਚ ਮੋਰੀਆਂ ਕੀਤੀਆਂ।

ਉਸ ਨੇ ਕਿਹਾ ਕਿ ਜਿਥੋਂ ਤਕ ਮੈਂ ਸਬੰਧਤ ਹਾਂ ਇਹ ਉਪ ਗ੍ਰਹਿ ਕਿਸੇ ਬਾਹਰੀ ਵਾਯੂ ਮੰਡਲ ਤੋਂ ਸੀ ਜਿਸ ਨੇ ਉਥਲ ਪੁਥਲ ਮਚਾਈ।

ਕਾਜਨਤਸੇਵ (Kazantsev) ਨੇ ਇਕ ਡਾਕਟਰ ਦਾ, ਉਸ ਦੇ ਸਹਾਇਕ ਅਤੇ ਐਮਬੂਲੈਂਸ ਕਾਰ ਦੇ ਡਰਾਈਵਰ ਜਿਸ ਦੀ ਕਿ ਕਾਰ ਬਿਨਾਂ ਕਿਸੇ ਗਲ ਤੇ ਯੂ. ਐਫ. ਓ. ਦੇ ਦਿਖਾਈ ਦੇਣ ਤੇ ਕਾਬੂ ਤੋਂ ਬਾਹਰ ਹੋ ਗਈ, ਦੀ ਅਖੀਂ ਡਿਠੀ ਗਵਾਹੀ ਨੂੰ ਬਿਆਨ ਕੀਤਾ ਹੈ। ਕਾਜਨਤਸੇਵ ਨੇ ਕਿਹਾ ਕਿ ਉਹਨਾਂ ਨੇ ਇਹ ਰਿਪੋਰਟ ਦਿਤੀ ਕਿ ਯੂ ਐਫ. ਓ. ਨੇ ਰੋਸ਼ਨੀ ਦੀਆਂ ਸੁੰਦਰ ਕਿਰਣਾਂ ਹੇਠ ਸੁਟੀਆਂ। ਕਾਜਨਤਸੇਵ ਨੇ ਕਿਹਾ ਕਿ ਜਦੋਂ ਇਹ ਚੀਜ਼ ਸ਼ਹਿਰ ਉਪਰ ਰਹੀ ਤਾਂ ਸ਼ਹਿਰ ਪੂਰੇ 12 ਮਿੰਟ ਲਈ ਇਸ ਰੌਸ਼ਨੀ ਵਿਚ ਨਹਾਉਂਦਾ ਰਿਹਾ। ਫੇਰ ਇਹ ਅਚਾਨਕ ਹਿਲੀ ਤੇ ਝੀਲ ਉਨੇਗਾ ਦੇ ਉਤਰੀ ਸਿਰੇ ਤੋਂ ਹੁੰਦੀ ਹੋਈ ਉਤਰ ਪੂਰਬ ਨੂੰ ਚਲੀ ਗਈ ਅਤੇ ਫਿਰ ਬੱਦਲਾਂ ਦੇ ਇਕ ਝੁੰਡ ਵਿਚ ਗਾਇਬ ਹੋ ਗਈ।

Vladimir Azhazhe, ਜਿਹੜਾ ਕਿ ਮਾਸਕੋ ਦਾ ਭੌਤਿਕ ਵਿਗਿਆਨੀ, ਸਮੁੰਦਰ ਦਾ ਖੋਜੀ, ਲਿਖਾਰੀ ਅਤੇ ਲੈਕਚਰਾਰ ਹੈ ਨੇ ਯੂ. ਐਫ. ਓ. ਘਟਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

ਬੰਦਰਗਾਹ ਉਪਰ ਇਹ ਚੀਜ਼ ਨੀਵੀਂ ਆਈ ਅਤੇ ਇਸ ਨੇ ਇਕ 465 ਫੁਟ ਲੰਬੇ ਜਹਾਜ਼ ਨੂੰ ਜਿਹੜਾ ਕਿ ਲੰਗਰ ਪਾਈ ਖੜ੍ਹਾ ਸੀ, ਉਪਰ ਚੱਕਰ' ਕਟੇ। ਯੂ. ਐਫ. ਓ. ਦੇ ਆਕਾਰ ਨੂੰ ਜਹਾਜ਼ ਦੀ ਲੰਬਾਈ ਨਾਲ ਤੁਲਨਾ ਕਰਨ ਤੇ ਸਿਟਾ ਨਿਕਲਿਆ ਕਿ ਯੂ. ਐਫ. ਓ. ਦਾ ਘੇਰਾ 351 ਫੁਟ ਸੀ। ਜਦੋਂ ਯੂ. ਐਫ. ਓ. ਝੀਲ ਉਨੇਗਾ ਵਲ ਵਧੀ ਤਾਂ ਕਈ ਡਰਾਈਵਰਾਂ ਨੇ ਇਸ ਦਾ ਪਿਛਾ ਕੀਤਾ। ਯੂ. ਐਫ. ਓ. ਬਗੈਰ ਗਤੀ ਦੇ ਝੀਲ ਉਪਰ ਲਟਕਦੀ ਰਹੀ।

"ਥੋੜੇ ਸਮੇਂ ਪਿਛੋਂ ਇਕ ਬਹੁਤ ਛੋਟੀ ਵਸਤੂ

ਮੁਖ ਵਸਤੂ ਤੋਂ ਵਖਰੀ ਹੋ ਗਈ ਅਤੇ ਸਿਧੀ ਪਾਣੀ ਵਿਚ ਗਿਰ ਕੇ ਅਲੋਪ ਹੋ ਗਈ। ਇਸ ਪਲ ਮੁਖ ਵਸਤੂ ਅਚਾਨਕ ਚਲੀ ਗਈ ਅਤੇ ਜਲਦੀ ਹੀ ਬੱਦਲਾਂ ਦੇ ਪਰਦੇ ਪਿਛੇ ਅਲੋਪ ਹੋ ਗਈ।"

ਨਿਕੋਲਾਈ ਮਿਲੋਂਵ ਜਿਹੜਾ ਕਿ 'ਤਾਸ' ਦਾ ਪਤਰਕਾਰ ਹੈ, ਨੇ 'ਇਨਕੁਆਇਰਰ' ਨੂੰ ਦਸਿਆ ਕਿ ਉਸ ਨੇ ਪੇਟਰੋਜ਼ੇਵੋਂਸਕ ਦੇ ਸੈਂਕੜੇ ਨਿਵਾਸੀਆਂ ਨਾਲ ਮੁਲਾਕਾਤ ਕੀਤੀ। ਉਸ ਨੇ ਯੂ ਐਫ. ਓ. ਦੇ ਵਡੇ ਆਕਾਰ ਅਤੇ ਸ਼ਕਲ ਬਾਰੇ ਪਕਾ ਪਤਾ ਕੀਤਾ। ਮਿਲੋਂਵ ਨੇ ਇਹ ਬਿਆਨ ਕੀਤਾ ਕਿ ਇਕ ਸੜੇ ਹੋਏ ਘਰ ਦੀ ਖਿੜਕੀ ਦੇ ਸ਼ੀਸ਼ੇ ਵਿਚ ਪਈ ਮੋਰੀ ਮੁਰਗੀ ਦੇ ਅੰਡੇ ਨਾਲੋਂ ਥੋੜ੍ਹੀ ਜਿਹੀ ਵਡੀ ਸੀ। ਉਸ ਸਮੇਂ ਤੋਂ ਹੀ ਖਿੜਕੀ ਮਾਸਕੋ ਲਿਜਾਈ ਗਈ ਹੈ (ਪੜਤਾਲ ਦੇ ਇਕ ਹਿਸੇ ਵਜੋਂ) ਵਿਸ਼ੇਸ਼ ਗਲ ਇਹ ਹੈ ਕਿ ਸ਼ੀਸ਼ੇ ਦਾ ਅੰਡਾ ਆਕਾਰ ਟੁਕੜਾ ਬਿਲਕੁਲ ਸੁਰਖਿਅਤ ਰਿਹਾ। ਇਹ ਭੀ ਫਰਸ਼ ਤੋਂ ਚੁਕ ਕੇ ਮਾਸਕੋ ਭੇਜਿਆ ਗਿਆ। ਮਿਲੋਂਵ ਨੇ ਕਿਹਾ ਕਿ ਜਿਹਨਾਂ ਲੋਕਾਂ ਨੇ ਯੂ.ਐਫ.ਓ. ਨੂੰ ਵੇਖਿਆ ਅਜੀਬੋ ਕਰੀਬ ਪ੍ਰਗਟਾਵਾ ਕੀਤਾ ਜਿਵੇਂ ਕਿ ਉਹ ਬੀਮਾਰ ਹੋ ਗਏ ਸਨ ਅਤੇ ਮਾਨਸਿਕ ਤੌਰ ਤੇ ਘਬਰਾ ਗਏ ਸਨ।

"ਮੇਰੇ ਮਨ ਵਿਚ ਕੋਈ ਸ਼ੱਕ ਨਹੀਂ ਸੀ ਜਦੋਂ ਮੈਂ ਉਹਨਾਂ ਕੋਲੋਂ ਪੁਛ ਗਿੱਛ ਕੀਤੀ, ਕਿਉਂਕਿ ਮੈਂ ਉਨ੍ਹਾਂ ਲੋਕਾਂ ਨੂੰ ਮਿਲ ਰਿਹਾ ਸੀ ਜਿਹਨਾਂ ਨੇ ਨਾ-ਵਿਸ਼ਵਾਸ ਕਰਨ ਵਾਲੀ ਘਟਨਾ ਨੂੰ ਖੁਦ ਵੇਖਿਆ ਸੀ।"

"ਕੁਝ ਬੇਹੋਸ਼ ਹੋ ਗਏ ਸਨ। ਜਦੋਂ ਸਮੁੰਦਰ ਦੇ ਕੰਢੇ ਤੇ ਰਹਿਣ ਵਾਲੇ ਇਕ ਟੋਲੇ ਨੇ, ਜਿਹੜਾ ਕਿ ਬੰਦਰਗਾਹ ਤੇ ਕੰਮ ਕਰ ਰਿਹਾ ਸੀ, ਨੇ ਯੂ. ਐਫ. ਓ. ਨੂੰ ਵੇਖਿਆ, ਉਹ ਇਹ ਚਿਲਾਉਂਦੇ ਹੋਏ ਉਥੋਂ ਖਿਸਕਣੇ ਸ਼ੁਰੂ ਹੋ ਗਏ ਕਿ 'ਇਹ ਅੰਤ ਹੈ'। ਉਹਨਾਂ ਦਾ ਵਿਸ਼ਵਾਸ ਸੀ ਕਿ ਇਹ ਇਕ ਪ੍ਰਮਾਣੂ ਹਥਿਆਰ ਸੀ ਜਿਹੜਾ ਕਿ ਉਹਨਾਂ ਦੇ ਸਿਰਾਂ ਉਪਰ ਫਟਣ ਵਾਲਾ ਸੀ ਅਤੇ ਇਹ ਅਮਰੀਕਾ ਵਲੋਂ ਭੇਜਿਆ ਗਿਆ ਸੀ।"

ਵਿਲੋਂਵ ਨੇ ਕਿਹਾ, "ਉਹ ਅਕਲੋਂ ਬੇਅਕਲ ਹੋ ਕੇ ਡਿਗ ਪਏ"। ਕਿਉਂਕਿ ਯੂ. ਐਫ. ਓ. ਉਂਜ ਉਸ ਦਿਨ ਉਤਰੀ ਰੂਸ ਦੇ ਬਹੁਤ ਸਾਰੇ ਸ਼ਹਿਰਾਂ ਉਪਰ ਦੇਖਿਆ ਗਿਆ ਸੀ ਤਾਂ ਮਿਲੋਂਵ ਨੇ ਇਹ ਮੰਨਿਆ ਕਿ 'ਉਹਨਾਂ ਦਾ ਇਕ ਦਸਤਾ ਰੂਸ ਦੇ ਉਪਰ ਉੱਡਿਆ।'

ਮਿਲੋਂਵ ਨੇ ਕਿਹਾ ਕਿ ਪਿਛਲੀ ਸਤੰਬਰ ਦੇ ਯੂ. ਐਫ. ਓ. ਦੇ ਮੁਢਲੇ ਦ੍ਰਿਸ਼ ਤੋਂ ਇਹ ਵਸਤੂ ਅਗਲੇ ਪੰਜ ਮਹੀਨਿਆਂ ਲਈ ਇਕ ਮਹੀਨੇ ਵਿਚ ਪੰਜ ਜਾਂ ਛੇ ਵਾਰ ਪੇਟਰੋਜੇਵੋਂਸਕ ਸ਼ਹਿਰ ਉਪਰ ਚੱਕਰ ਕਟਣ ਲਈ ਪਰਤੀ, ਪਰ ਇਸ ਨੇ ਸ਼ਹਿਰ ਨੂੰ ਹੋਰ ਨੁਕਸਾਨ ਨਾ ਪਹੁੰਚਾਇਆ।

ਉਸ ਨੇ ਕਿਹਾ, "ਪਿਛਲੀ ਵਾਰ ਇਹ ਇਥੇ 20 ਫਰਵਰੀ ਨੂੰ ਸੀ।"

ਯੂਰੀ ਗੋਰਮੋਂਵ ਜਿਹੜਾ ਕਿ ਪੇਟਰੋਜੇਵੋਂਸਕ ਸ਼ਹਿਰ ਦਾ ਮੌਸਮ ਵਿਭਾਗ ਦਾ ਡਾਇਰੈਕਟਰ ਸੀ ਨੇ ਯੂ.ਐਫ ਓ. ਦੀ 20 ਸਤੰਬਰ ਦੀ ਪਹਿਲੀ ਫੇਰੀ ਤੋਂ ਥੋੜੇ ਸਮੇਂ ਪਿਛੋਂ ਕਿਹਾ ਕਿ ਇਸ ਨੇ ਰੌਸ਼ਨੀ ਦੀਆਂ ਸੁੰਦਰ ਕਿਰਣਾਂ ਛਡੀਆਂ।

"ਇਸ ਸਮੇਂ ਦੇ ਦੌਰਾਨ ਮੁਖ ਵਸਤੂ ਨੇ ਹੌਲੀ ਹੌਲੀ ਚਮਰ ਚੱਕਰ ਦੇ ਸਮਾਨ ਸ਼ਕਲ ਅਖਤਿਆਰ ਕੀਤੀ ਜਿਹੜੀ ਕਿ ਵਿਚਕਾਰੋਂ ਗੁਲਾਬੀ ਲਾਲ ਸੀ ਅਤੇ ਕਿਨਾਰੇ ਤੋਂ ਚਿੱਟੀ ਸੀ। ਇਹ ਝੀਲ ਉਨੇਗਾ ਦੇ ਬੱਦਲਾਂ ਵਲ ਵਧੀ ਅਤੇ ਇਸ ਵਿਚ ਇਕ ਲਾਲ ਛੇਕ ਬਲ ਰਿਹਾ ਸੀ ਫੇਰ ਇਹ ਅਲੋਪ ਹੋ ਗਈ।"

ਗੋਰੋਮੋਂਵ ਨੇ ਅਗੇ ਕਿਹਾ ਕਿ ਇਸ ਹਿਸੇ ਵਿਚ ਉਸ ਸਮੇਂ ਕੋਈ ਜਹਾਜ਼ ਜਾਂ ਹੈਲੀਕਾਪਟਰ ਨਹੀਂ ਉੱਡ ਰਿਹਾ ਸੀ। ਮੌਸਮ ਚੰਗਾ ਸੀ, ਅਸਮਾਨ ਸਾਫ ਸੀ ਅਤੇ ਵਸਤੂ ਗੇਂਦ ਦੀ ਤਰ੍ਹਾਂ ਚਮਕ ਰਹੀ ਸੀ।

ਹੈਲਸਿੰਕੀ ਦੀ ਸੰਯੁਕਤ ਅੰਤਰਰਾਸ਼ਟਰੀ ਪ੍ਰੈਸ ਦੇ ਬੁਲਾਰੇ ਨੇ 20 ਸਤੰਬਰ ਨੂੰ ਦਸਿਆ ਕਿ ਹੈਲਸਿੰਕੀ ਪੁਲਸ ਨੇ ਰਿਪੋਰਟ ਦਿੱਤੀ ਹੈ ਕਿ ਰੌਸ਼ਨੀ ਦੀ ਇਕ ਚਮਕਦਾਰ ਗੇਂਦ ਸਵੇਰੇ 3-06 ਅਤੇ 3-1[illegible] ਵਜੇ

ਦੇ ਵਿਚਕਾਰ ਦੇਖੀ ਗਈ।

ਯੂ. ਪੀ. ਆਈ. ਨੇ ਦਸਿਆ ਕਿ ਇਹ ਗੇਂਦ ਉਡੀ ਅਤੇ ਪੂਰਬ ਵਲ ਨੂੰ ਚਲੀ ਗਈ। ਲੈਨਿਨਗਰਾਦ ਅਤੇ ਮਾਸਕੋ ਦੇ ਦਫਤਰਾਂ ਨੇ ਇਸ ਘਟਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ, ਕਿ ਇਹ ਅੱਗ ਦੀ ਗੇਂਦ ਇਕ ਉਪਗ੍ਰਹਿ ਹੋ ਸਕਦੀ ਹੈ ਜਿਹੜੀ ਕਿ ਧਰਤੀ ਦੇ ਵਾਯੂ-ਮੰਡਲ ਵਿਚ ਦਾਖਲ ਹੋ ਰਹੀ ਹੋਵੇ।

Azhazha ਜਿਹੜਾ ਕਿ ਰੂਸ ਦੀ ਡੁਬਕਣੀ ਕਿਸ਼ਤੀ ਦਾ ਕਮਾਂਡਰ ਰਹਿ ਚੁਕਾ ਹੈ ਨੇ 'ਇਨਕੁਆਇਰਰ' ਨੂੰ ਦਸਿਆ ਕਿ ਮੇਰੇ ਖਿਆਲ ਵਿਚ ਪੈਟਰੋਜੈਵੋਸਕ ਸ਼ਹਿਰ ਵਿਚ ਜੋ ਵੇਖਿਆ ਗਿਆ ਸੀ, ਉਹ ਜਾਂ ਤਾਂ ਯੂ. ਐਫ. ਓ. ਸੀ ਜਿਹੜਾ ਕਿ ਬੜੇ ਹੁਸ਼ਿਆਰ ਅਮਲੇ ਅਤੇ ਯਾਤਰੀਆਂ ਨੂੰ ਲਿਜਾ ਰਿਹਾ ਸੀ ਜਾਂ ਇਹ ਇਕ ਅਜਿਹੇ ਯੂ. ਐਫ. ਓ. ਦੁਆਰਾ ਪੈਦਾ ਕੀਤਾ ਗਿਆ ਸ਼ਕਤੀ ਦਾ ਖੇਤਰ ਸੀ। Azhazha ਨੇ ਅਗੇ ਦਸਿਆ ਕਿ ਜਿਉਂ ਹੀ ਸਰਕਾਰੀ ਪੜਤਾਲ ਸ਼ੁਰੂ ਹੋਈ ਤਾਂ ਭੇਦ ਭਰੀ ਗੱਲ ਪ੍ਰਤੱਖ ਹੋ ਗਈ।

ਵਸਾਈਲ ਜ਼ਖਰਚੈਂਕੋ ਜਿਹੜਾ ਕਿ ਟੈਕਨਾਲੋਜੀ ਆਫ ਯੂਥ ਰਸਾਲੇ ਦਾ ਐਡੀਟਰ ਅਤੇ ਇਕ ਖੋਜੀ ਜਿਸ ਦੇ ਸਰਕਾਰ ਨਾਲ ਨੇੜੇ ਦੇ ਸਬੰਧ ਹਨ, ਨੇ ਇਸ ਭੇਦ ਬਾਰੇ ਸਪੱਸ਼ਟ ਸਿਟਾ ਕਢਿਆ। ਉਸ ਨੇ ਦਸਿਆ ਕਿ ਅਕੈਡਮੀ ਆਫ ਸਾਇੰਸਜ਼ ਦੁਆਰਾ ਉਸ ਨੂੰ ਇਹ ਸਲਾਹ ਦਿਤੀ ਗਈ ਸੀ ਕਿ ਉਹ ਇਸ ਅਦਭੁੱਤ ਉਡਣ ਵਾਲੀ ਵਸਤੂ ਬਾਰੇ ਕੋਈ ਸਿਧਾਂਤ ਨਾ ਛਪਵਾਵੇ।

ਉਸ ਨੇ ਕਿਹਾ ਕਿ ਜਦ ਕਿ ਸਾਨੂੰ ਪਤਾ ਲਗ ਚੁਕਾ ਹੈ ਕਿ ਅਕੈਡਮੀ ਕਮਿਸ਼ਨ ਨੇ ਪਤਾ ਕਰ ਲਿਆ ਹੈ ਕਿ ਜਿਥੇ ਸ਼ੀਸ਼ੇ ਅਤੇ ਪਥਰਾਂ ਵਿਚ ਮੋਰੀਆਂ ਪੈ ਗਈਆਂ ਸਨ ਉਥੇ ਸਿੱਕੇ ਦੇ ਆਕਾਰ ਜਿੰਨੀ ਥਾਂ ਪਿਘਲ ਗਈ ਸੀ।

'ਤਾਸ' ਦੇ ਇਕ ਸੀਨੀਅਰ ਐਡੀਟਰ ਨੇ ਕਿਹਾ ਕਿ ਅਖਬਾਰ ਏਜੰਸੀ ਨੂੰ ਲਗਭਗ 1500 ਸੌ ਚਿਠੀਆਂ ਪ੍ਰਾਪਤ ਹੋਈਆਂ ਹਨ ਜਿਹਨਾਂ ਵਿਚ ਇਹ ਸਵਾਲ ਕੀਤੇ ਗਏ ਹਨ—

"ਪੈਟਰੋਜੈਵੋਸਕ ਸ਼ਹਿਰ ਵਿਚ ਠਹਿਰਣਾ ਜਾਂ ਜਾਣਾ ਕਿੰਨਾ ਕੁ ਸੁਰੱਖਿਅਤ ਹੈ ?" ਇਸ ਤੋਂ ਪਹਿਲਾਂ ਕਿ 'ਤਾਸ' ਇਹਨਾਂ ਚਿੱਠੀਆਂ ਦਾ ਉਤਰ ਦੇ ਸਕੇ, ਸਰਕਾਰੀ ਪੜਤਾਲੀਆਂ ਨੇ ਇਹ ਚਿੱਠੀਆਂ ਲੈ ਲਈਆਂ ਅਤੇ ਉਹਨਾਂ ਨੇ ਅੱਖੀਂ ਵੇਖੀਆਂ ਗਵਾਹੀਆਂ ਦੀਆਂ ਰਿਪੋਰਟਾਂ ਵੀ ਲੈ ਲਈਆਂ।

ਅਲੈਕਸੀ ਜ਼ੋਲਟੋਵ ਜਿਹੜਾ ਕਿ ਰੂਸ ਦੇ ਟੰਗੁਸਕਾਈ ਮੁਹਿਮ ਦਾ ਮੁਖੀ ਅਤੇ ਪ੍ਰਸਿਧ ਭੌਤਿਕ ਵਿਗਿਆਨੀ ਹੈ, ਨੇ 1908 ਵਿਚ ਸਾਈਬੇਰੀਆ ਵਿਚ ਵਾਪਰੇ ਬਹੁਤ ਵਡੇ ਧਮਾਕੇ ਬਾਰੇ ਪੜਤਾਲ ਕੀਤੀ ਸੀ, ਨੇ ਇਨਕੁਆਇਰਰ ਨੂੰ ਦਸਿਆ ਕਿ ਮੇਰੇ ਵਿਚਾਰ ਅਨੁਸਾਰ ਇਹ ਚੀਜ਼ ਇਕ ਉਡਣ ਤਸ਼ਤਰੀ ਸੀ। ਪ੍ਰਾਪਤ ਰਿਪੋਰਟਾਂ ਅਨੁਸਾਰ ਯੂ. ਐਫ. ਓ. ਦੀ ਘਟਨਾ ਦੇ ਰੂਪ ਨੇ ਮੇਰੇ ਮਨ ਵਿਚ ਕੋਈ ਸ਼ੱਕ ਨਾ ਰਹਿਣ ਦਿਤਾ।

"ਮੈਂ ਖੁਦ ਜਾਣਦਾ ਹਾਂ ਕਿ ਇਹ ਇਕ ਯੂ.ਐਫ. ਓ. ਸੀ।" ਪ੍ਰੋਫੈਸਰ ਫੇਲਕਸ ਜਿਗਲ, ਜਿਹੜਾ ਕਿ ਯੂ. ਐਫ. ਓ. ਦੇ ਬਾਰੇ ਉਚ ਕੋਟੀ ਦਾ ਵਿਸ਼ੇਸ਼ਗ ਅਤੇ ਮਾਸਕੋ ਦਾ ਹਵਾਈ ਇੰਸਟੀਚਿਊਟ ਦਾ ਪ੍ਰੋਫੈਸਰ ਹੈ, ਇਸ ਗਲ ਤੇ ਸਹਿਮਤ ਸੀ ਕਿ ਇਹ ਵਸਤੂ ਇਕ ਯੂ. ਐਫ. ਓ. ਸੀ।

ਉਸ ਨੇ ਇਨਕੁਆਇਰਰ ਨੂੰ ਦਸਿਆ ਕਿ ਬਿਨਾਂ ਕਿਸੇ ਸ਼ੱਕ ਦੇ ਇਸ ਦੇ ਸਾਰੇ ਅੰਗ ਸਨ।

ਗੁ ਰ ਮ ਤ

ਅਤੇ

ਕਾਲੇ–ਨੀਲੇ ਬਸਤ੍ਰ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਸਿਖ ਪੰਥ ਵਿਚ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਵੀ ਕੁਛ ਇਕ ਦੋ ਸੰਪ੍ਰਦਾਯ ਚਲ ਚੁਕੀਆਂ ਸਨ ਪਰ ਬਾਦ ਵਿਚ ਬਹੁਤੀਆਂ ਚਲੀਆਂ। ਬਾਦ ਵਿਚ ਚਲੀਆਂ ਹੋਈਆਂ ਸੰਪ੍ਰਦਾਯ ਭਾਵੇਂ ਛੋਟੇ ਛੋਟੇ ਕਈ ਰੂਪ ਧਾਰਨ ਕਰ ਗਈਆਂ ਪਰ ਮੁਖ ਰੂਪ ਵਿਚ ਇਕ ਓਹ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਆਖਰੀ ਗੁਰੂ ਮੰਨਿਆਂ ਅਤੇ ਗੁਰਤਾ ਉਸ ਤੋਂ ਬਾਦ ਪੰਥਗੁਰੂ ਅਤੇ ਗਰੰਥ ਗੁਰੂ ਵਿਚ ਲੀਨ ਦਸੀ ਇਸ ਸੰਪ੍ਰਦਾਯ ਵਿਚ ਅਕਾਲੀ ਨਿਹੰਗ ਨਿਰਮਲੇ ਆਦਿ ਸ਼ਾਮਲ ਹਨ। ਦੂਸਰੇ ਨਾਮਧਾਰੀ ਅਤੇ ਕੁਛ ਹਦ ਤਕ ਨਿਰੰਕਾਰੀ ਜੋ ਦੇਹਧਾਰੀ ਗੁਰੂ ਮੰਨਦੇ ਹਨ। ਨਾਮਧਾਰੀਆਂ ਅਤੇ ਨਿਰੰਕਾਰੀਆਂ ਦੇ ਗੁਰੂ ਸਿਧਾਂਤ ਵਿਚ ਇਹ ਭੇਦ ਹੈ ਕਿ ਨਾਮਧਾਰੀ ਗੁਰਬਾਣੀ ਨੂੰ ਸਰਬ ਸ੍ਰੇਸ਼ਟ ਬਾਣੀ ਮੰਨਦੇ ਹਨ, ਗਰੰਥ ਸਾਹਿਬ ਦੇ ਰੂਪ ਵਿਚ ਪ੍ਰੰਪਰਾਗਤ ਅਨੁਸਾਰ ਜੋਗ ਸਤਿਕਾਰ ਕਰਦੇ ਹਨ। ਅਤੇ ਦਸਮ ਪਾਤਸ਼ਾਹ ਤੋਂ ਬਾਦ ਗੁਰ ਗਦੀ ਦੇਹਧਾਰੀ ਦੇ ਰੂਪ ਵਿਚ ਚਲਦੀ ਮੰਨਦੇ ਹਨ ਪਰ ਨਿਰੰਕਾਰੀ ਦੇਹਧਾਰੀ ਗੁਰੂ ਮੰਨਦੇ ਹੋਏ ਵੀ ਗਰੰਥ ਸਾਹਿਬ ਜੀ ਨੂੰ ਮੰਨਦੇ ਹਨ। ਨਾਮਧਾਰੀਆਂ ਵਿਚ ਮਾਸ ਸ਼ਰਾਬ ਆਦਿ ਦੀ ਸਖਤ ਮਨਾਹੀ ਹੈ ਪਰ ਦੂਸਰੀਆਂ ਸੰਪ੍ਰਦਾਵਾਂ ਵਿਚ ਏਨੀ ਸਖਤ ਪਾਬੰਦੀ ਨਹੀਂ।

ਸਫੈਦ (ਸ੍ਵੇਤ) ਰੰਗ ਅਤੇ ਕਾਲਾ-ਨੀਲਾ ਰੰਗ, ਇਨ੍ਹਾਂ ਦਾ ਜੁਗਾਂ ਨਾਲ ਸੰਬੰਧ, ਇਨਾਂ ਦਾ ਸੁਭਾਵ ਨਾਲ ਸੰਬੰਧ ਇਹ ਪ੍ਰੰਪਰਾ ਤੋਂ ਚਲੀ ਆ ਰਹੀ ਇਕ ਰੀਤੀ ਹੈ ਗੁਰਬਾਣੀ ਵਿਚ 'ਸਤਿਜੁਗ' ਦੇ ਸਮੇਂ ਦਾ ਪਹਿਰਾਵਾ ਸਫੈਦ ਦਸਿਆ ਹੈ। 'ਸਾਮ ਕਹੈ ਸੇਤੰਬਰ ਸੁਆਮੀ ਸਚਿ ਮਹਿ ਆਛੈ ਸਾਚਿ ਰਹੈ'. (ਆਸਾ ਦੀ ਵਾਰ) ਸਿਖ ਧਰਮ ਵਿਚ ਕਾਲੇ ਨੀਲੇ ਰੰਗ ਦਾ ਪਹਿਰਾਵਾ ਧਾਰਨ ਕਰਨ ਵਾਲਾ ਚੰਗਾ ਨਹੀਂ ਮੰਨਿਆ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨੀਲੇ ਰੰਗ ਦੇ ਵਸਤ੍ਰ ਉਦੋਂ ਪਾਏ ਜਦੋਂ ਉਹਨਾਂ ਨੂੰ ਮਕੇ ਜਾਣਾ ਪਿਆ; ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਬਾਬਾ ਫਿਰ ਮਕੇ ਗਯਾ,
ਨੀਲ ਬਸਤ੍ਰ ਧਾਰੇ ਬਨਵਾਰੀ ॥

[ਵਾਰ ੧ ਪਉੜੀ ੩੨

ਭਾਵ, ਆਪਣਾ ਪਹਿਰਾਵਾ ਛਡ ਕੇ ਦੂਸਰੇ ਧਰਮ

ਦਾ ਪਹਿਰਾਵਾ ਧਾਰਨ ਕੀਤਾ ਜਿਸ ਦਾ ਰੰਗ ਨੀਲਾ ਸੀ। ਇਸ ਤੋਂ ਇਹ ਸਿਧ ਹੁੰਦਾ ਹੈ ਕਿ ਇਸਲਾਮ ਧਰਮ ਦਾ ਇਸ ਨੀਲੇ-ਕਾਲੇ ਨਾਲ ਖਾਸ ਸੰਬੰਧ ਹੈ। ਇਸੇ ਕਰਕੇ ਮੁਗਲ ਰਾਜ ਸਮੇਂ, ਜੋ ਪੁਰਸ਼ ਹਕੂਮਤ ਪਾਸ ਫਰਿਆਦੀ ਹੋ ਕੇ ਜਾਂਦਾ ਸੀ ਉਸ ਨੂੰ ਨੀਲੇ-ਕਾਲੇ ਰੰਗ ਦੇ ਲੀੜੇ ਪਾਉਣੇ ਜ਼ਰੂਰੀ ਹੁੰਦੇ ਸਨ। ਜੋ ਗੁਰੂ ਅਮਰਦਾਸ ਜੀ ਵਿਰੁਧ ਮਰਵਾਹੇ ਖਤ੍ਰੀਆਂ ਨੇ ਤਪੇ ਫਕੀਰ ਨੂੰ ਖਿੰਧੋਲਾ ਪਹਿਨਾ ਕੇ ਬਾਦਸ਼ਾਹ ਪਾਸ ਭੇਜਿਆ ਸੀ ਉਸ ਦਾ ਰੰਗ ਨੀਲਾ ਕਾਲਾ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਗਉੜੀ ਦੀ ਪਹਿਲੀ ਵਾਰ ਵਿਚ ਇਸ ਬਾਰੇ ਇਉਂ ਲਿਖਿਆ ਹੈ—"ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।" ਆਸਾ ਦੀ ਵਾਰ ਦੇ ਸੋਲ੍ਹਵੇਂ ਸਲੋਕ ਵਿਚ ਲਿਖਿਆ ਹੈ: 'ਨੀਲ ਵਸਤ੍ਰ ਪਹਿਰ ਹੋਵਹਿ ਪਰਵਾਣੁ।' ਆਦਿ ਗਰੰਥ ਸਾਹਿਬ ਦਾ ਜੋ ਅੰਗਰੇਜ਼ੀ ਭਾਸ਼ਾ ਵਿਚ ਟੀਕਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਹੋ ਰਿਹਾ ਹੈ, ਜਿਸ ਦੇ ਟੀਕਾਕਾਰ ਸ: ਮਨਮੋਹਣ ਸਿੰਘ ਜੀ ਹਨ, ਓਥੇ ਤੁਕਾਂ ਦਾ ਅਰਥ ਨਾਲ ਦੀ ਨਾਲ ਪੰਜਾਬੀ ਭਾਸ਼ਾ ਵਿਚ ਵੀ ਹੈ। ਸ: ਮਨਮੋਹਣ ਸਿੰਘ ਜੀ ਨੇ ਇਨ੍ਹਾਂ ਤੁਕਾਂ ਦਾ ਅਰਥ ਇਉਂ ਕੀਤਾ ਹੈ: "ਨੀਲੇ ਕਪੜੇ ਪਹਿਨ ਕੇ ਉਹ ਮੁਸਲਮਾਨਾਂ ਦੀਆਂ ਅਖਾਂ ਵਿਚ ਮਕਬੂਲ (ਪ੍ਰਵਾਨ) ਹੋ ਜਾਂਦਾ। ਮੁਸਲਮਾਨਾਂ ਤੋਂ ਟੁਕਰ ਲੈ ਕੇ ਉਹ ਪੁਰਾਣਾਂ ਨੂੰ ਪੂਜਦਾ ਹੈ।" ਇਸ ਤੋਂ ਵੀ ਇਸ ਦੀ ਪੁਸ਼ਟੀ ਹੁੰਦੀ ਹੈ ਕਿ ਇਹ ਰੰਗ ਮੁਸਲਮਾਨਾਂ ਦਾ ਹੈ। ਗਉੜੀ ਰਾਗ ਦੀਆਂ ਅਸਟਪਦੀਆਂ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਤੁਕ ਲਿਖੀ ਹੈ: "ਨੀਲ ਅਨੀਲ ਅਗਨਿ ਇਕ ਠਾਈ।" ਇਥੇ 'ਨੀਲ' ਦਾ ਅਰਥ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਮਲੀਨ ਅਤੇ ਤਾਮਸੀ ਸੁਭਾਵ ਕੀਤਾ ਹੈ।

[ਦੇਖੋ ਮਹਾਨ ਕੋਸ਼ ਸਵਾ ਪਤ੍ਰਾ ਕਾਲਮ ੪

ਅਨੰਦਪੁਰ ਸਾਹਿਬ ਤੇ ਜੋ ਤੁਰਕੀ ਫੌਜਾਂ ਚੜ੍ਹ ਕੇ ਆਈਆਂ ਉਹਨਾਂ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ: "ਕਾਰੀ ਘਟਾ ਸਮ ਆਵਤ ਭੇ ਦਿਸ ਚਾਰਨ ਤੇ ਉਮਡੇ ਬਲਕਾਰੀ॥ ਕਾਰੀ ਏ ਪੋਸਸ ਅੰਗ ਸਜੀ ਸਭ ਜੰਗ ਮਚਾਵਨ ਕੇ ਹਿਤਕਾਰੀ॥" ਸ੍ਰੀ ਦਸਮੇਸ਼ ਜੀ ਨੇ ਵੀ ਜ਼ਫ਼ਰਨਾਮੇ ਵਿਚ ਲਿਖਿਆ ਹੈ: 'ਬਰੰਗੇ ਮਗਸ ਸ਼ਾਹ ਪੋਸ਼ ਆਮਦਮ।' ਭਾਵ, ਮਖੀ ਰੰਗੇ ਕਾਲੀ ਪੋਸ਼ਸ਼ ਵਾਲੇ ਸਾੜੇ ਤੇ ਚੜ੍ਹ ਕੇ ਆਏ। ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਉਹ ਆਪ (ਦਸਮੇਸ਼ ਜੀ) ਕਾਲੀ-ਨੀਲੀ ਪੁਸ਼ਾਕ ਦੇ ਧਾਰਨੀ ਨਹੀਂ ਸਨ।

ਜਦ ਹਜ਼ੂਰ ਚਮਕੌਰ ਤੋਂ ਨਿਕਲੇ ਤਦ ਆਪ ਨੇ ਵੀ ਇਸ ਰੰਗ ਦੇ ਵਸਤ੍ਰ ਪਾਏ। ਉਚ ਦਾ ਪੀਰ ਕਹਿ ਕੇ ਤੁਰਕੀ ਸੈਨਾ ਵਿਚੋਂ ਬਚ ਕੇ ਨਿਕਲਣ ਦਾ ਸਾਂਗ ਵਰਤਾਇਆ। 'ਉਚ' ਦਾ ਪਹਿਲਾ ਨਾਮ ਦੇਵਗੜ੍ਹ ਸੀ ਜੋ ਰਿਆਸਤ ਬਹਾਵਲ ਪੁਰ ਵਿਚ ਦਰਿਆਓਂ ਸਤਿਲੁਜ ਦੇ ਦਖਣੀ ਕਿਨਾਰੇ ਸੀ। ਇਥੋਂ ਦੇ ਹਿੰਦੂ ਰਾਜੇ ਦਾ ਰਾਜ ਖੋਹ ਕੇ ਸਯਦ ਜਲਾਲੁਦੀਨ ਬੁਖਾਰੀ ਨੇ ਕਬਜ਼ਾ ਕੀਤਾ ਅਤੇ ਇਸ ਦਾ ਨਾਉਂ ਊੱਚ ਰਖਿਆ ਹੈ। ਇਥੇ ਬਹੁਤੇ ਪੀਰਾਂ ਦੀ ਰਿਹਾਇਸ਼ ਲਿਖੀ ਹੈ। ਨਾਨਕ ਪ੍ਰਕਾਸ਼ ਵਿਚ ਇਹ ਵੀ ਲਿਖਿਆ ਹੈ " 'ਉਚ' ਜ਼ਹਾਂ ਸਯਦ ਬਹੁ ਬਾਸੀ।" ਇਸ ਤੋਂ ਏਸ ਭਾਵ ਦੀ ਪੁਸ਼ਟੀ ਹੁੰਦੀ ਹੈ ਕਿ ਨੀਲੇ ਵਸਤ੍ਰ ਗੁਰੂ ਜੀ ਦਾ ਆਪਣਾ ਪਹਿਰਾਵਾ ਨਹੀਂ ਸੀ ਬਲਕਿ ਉਹਨਾਂ ਦੇ ਵਿਰੋਧੀ, ਇਸਲਾਮ ਧਰਮ ਮੰਨਣ ਵਾਲਿਆਂ ਦਾ ਪਹਿਰਾਵਾ ਸੀ।

ਇਸੇ ਤਰ੍ਹਾਂ ਵਸਤ੍ਰ ਗੁਰੂ ਜੀ ਪਾਏ ਹੋਏ ਜਦ ਢਿਲਵੀਂ ਗਏ ਤਦ ਸੋਢੀ ਕੌਲ ਜੀ ਨੇ ਵਸਤ੍ਰ ਲਿਆ ਕੇ ਦਿਤੇ ਅਤੇ ਬੇਨਤੀ ਕੀਤੀ ਕਿ ਇਹ (ਨੀਲੇ) ਵਸਤ੍ਰ ਉਤਾਰ ਦਿਓ ਅਤੇ ਸਫੈਦ ਪਹਿਨੋ। ਕਲਗੀਧਰ ਜੀ ਨੇ ਸੋਢੀ ਜੀ ਦਾ ਬਚਨ ਮੰਨ ਲਿਆ ਅਤੇ ਨੀਲੇ ਵਸਤ੍ਰ ਉਤਾਰ ਹੀ ਨਹੀਂ ਦਿਤੇ ਬਲਕਿ ਪਾੜ ਪਾੜ ਕੇ ਫੂਕ ਦਿਤੇ। ਅਤੇ ਆਸਾ ਦੀ ਵਾਰ ਵਿਚ ਲਿਖੀ ਹੋਈ ਤੁਕ 'ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ,' ਉਲਟਾਈ। ਜਿਸ ਦਾ ਵਰਣਨ ਭਾਈ

ਸੰਤੋਖ ਸਿੰਘ ਜੀ ਨੇ ਇਉਂ ਕੀਤਾ ਹੈ :

ਜੁਲਤ ਅੰਗੀਠਾ ਅਗਨ ਅਗਾਰੀ ।
ਨੀਲਾਂਬਰ ਲੇ ਹਾਥ ਮਝਾਰੀ ।
ਲੀਰ ਪਾੜ ਕਰ ਤਿਸਤੇ ਸਤਿਗੁਰ ।
ਸ੍ਰੀ ਮੁਖ ਤੇ ਤੁਕ ਏਵ ਉਚਰ ਕਰ ।......
ਨੀਲ ਬਸਤਰ ਲੇ ਕਪੜੇ ਫਾੜੇ,
ਤੁਰਕ ਪਠਾਣੀ ਅਮਲੁ ਗਇਆ ।
ਪਠ ਕਰ ਤਤ ਛਿਨ ਲੀਰ ਜੁ ਕਰ ਮਹਿ,
ਅਗਨ ਬਿਖੈ ਪਟ ਡਾਰ ਦਇਆ ।
ਪੁਨਹ ਪਾੜ ਕਰ ਤਿਮਹੀ ਪਠ ਕਰ
ਪਾਵਕ ਪਾਵਤ ਛਾਰ ਕਇਆ ।
ਚੀਰਤ ਚੀਰ ਕਰਤ ਲਘੁ ਲਘੁ ਕੋ
ਅਚਰਜ ਸਭਕੇ ਰਿਦੇ ਭਇਆ ।

ਤੁਕ ਉਲਟਾਉਣ ਤੇ ਸੋਢੀ ਜੀ ਨੇ ਆਖਿਆ :

ਬਿਪ੍ਰੈ ਪਠੇ ਚਾਰ ਹੂ ਬਰਣ ।
ਸ੍ਰੀ ਹਰਿ ਰਾਇ ਸੁਨੇ ਜਬ ਕਰਣ ।
ਰਾਮ ਰਾਇ ਕੋ ਤਜਾਗਯੋ ਐਸੇ ।
ਨਿਜ ਮੁਖ ਲਗਨ ਨ ਦੀਨਸਿ ਕੈਸੇ ।
ਨਹਿ ਬੈਠਾਇਸ ਗੁਰਤਾ ਗਾਦੀ
ਸ੍ਰੀ ਹਰਿ ਕ੍ਰਿਸ਼ਨ ਭਏ ਅਹਿਲਾਦੀ ।
ਤੁਮਨੇ ਸਗਰੀ ਤੁਕ ਉਲਟਾਈ ।
ਇਮ ਅਨੁਚਿਤ ਹਮ ਸਹਿ ਨ ਸਕਾਈ ।
ਸੁਨ ਕਰ ਕ੍ਰਿਪਾ ਨਿਧਾਨ ਬਖਾਨਾ ।
ਰਾਮ ਰਾਇ ਕਹਿਬੇ ਜਗ ਜਾਨਾ ।
ਕਰਨ ਤੁਰਕੜੇ ਹੇਤ ਖੁਸ਼ਾਮਦ ।
ਹਰਖਾਵਨ ਜਿਸਤੇ ਬਹੁ ਆਮਦ ।
ਸਤਿਗੁਰ ਦੀ ਤੁਕ ਤਿਨ ਉਲਟਾਈ ।
ਭਈ ਸਜਾਇ ਨ ਗੁਰਤਾ ਪਾਈ ।

ਸ੍ਰੀ ਗੁਰੂ ਜੀ ਫੁਰਮਾਇਆ :

ਹਮ ਤੋ ਇਸ ਤੁਕ ਹਿਤ ਉਲਟਾਵਨ ।
ਸਕਲ ਸਮਿਗ੍ਰੀ ਦੀਨ ਲੁਟਾਵਨ ।
ਚਾਰਹੁ ਪੂਤ ਦਏ ਇਸ ਕਾਜੂ ।
ਕੌਨ ਗਿਨੇ ਸਭ ਸਦਨ ਸਮਾਜੂ ।
ਨਾਸ ਕਰਿਓ ਸਰਬੰਸ ਸਮੇਤੇ ।
ਅਬ ਭੀ ਨਹਿ ਉਲਟਾਵਨ ਦੇਤੇ ।
ਸ੍ਰੀ ਬਾਬਾ ਨਾਨਕ ਬਚ ਭਾਖਾ ।
ਭਇਓ ਬਿਦਿਤ ਜਗ ਮਹਿ ਸਭ ਲਾਖਾ ।
ਮੁਗਲ ਪਠਾਨ ਰਾਜ ਕਰ ਕਾਲਾ ।
ਸਭ ਅਵਨੀ ਮਹਿ ਤੇਜ ਬਿਸਾਲਾ ॥
ਕਹਿਓ ਬਾਕ ਤਿਨ ਕੋ ਅਬ ਫੇਰਾ ।
ਜਿਸਤੇ ਤੁਰਕਨ ਮੂਲ ਉਖੇਰਾ ।
ਰਾਖੀ ਹਿੰਦਨ ਕੀ ਬਡਿਆਈ ॥
ਭਯੋ ਧਰਮ ਥਿਰ ਕਯੋ ਹੂੰ ਨ ਜਾਈ ।
ਪੰਥ ਖਾਲਸਾ ਉਤਪਤ ਹੋਵਾ ।
ਤੁਰਕ ਪ੍ਰਤਾਪ ਉਲਟ ਬਚ ਖੋਵਾ ।
ਇਹ ਤੁਮ ਕਹਹੁ ਭਲੀ ਕਿ ਬੁਰੀ ।
ਸੁਨਤ ਕੌਲ ਤਬ ਤੂਸ਼ਨ ਧਰੀ ।
ਪਰੀਏ ਪੂਰਬ ਸਭ ਰਿਦੈ ਬਿਚਾਰਿਓ
ਇਨ ਜਥਾਰਥ ਬਾਕ ਉਚਾਰਿਓ ।
ਪਰ ਉਪਕਾਰ ਹੇਤ ਕ੍ਰਿਤ ਐਸੇ ।
ਕਉਨ ਸਹੈ ਸੰਕਟ ਇਮ ਕੈਸੇ ।
ਸਭ ਸੁਤ ਹਰਨ ਸਮਾਜ ਲੁਟਾਵਨ ।
ਕਉਨ ਕਰੈ ਏਤੋ ਦੁਖ ਪਾਵਨ ।
ਏਹ ਬਰ ਬੀਰ ਧੀਰ ਬਡ ਧਾਰੀ ।
ਦੇ ਸਰਬੰਸ ਪ੍ਰੀਤ ਨਹਿ ਹਾਰੀ ।
ਤੁਰਕ ਤੋਮ ਕੀ ਜਰਾ ਉਖਾਰੀ ।
ਜਿਨ ਪਤਿਸ਼ਾਹਿਤ ਜਗਤ ਸੰਭਾਰੀ ।
ਇਨ ਕੀ ਕ੍ਰਿਤ ਸੁ ਇਨ ਹੂੰ ਬਨੈ ।
ਧੰਨ ਹੋਇ ਜਗ ਮਹਿ ਇਨ ਭਨੈ ।

[ਗੁਰਪ੍ਰਤਾਪ ਸੂਰਜ ਐਨ ੧ ਅੰਸੂ ੫

ਨੀਲੇ ਰੰਗ ਦੇ ਵਸਤਰਾਂ ਦੇ ਧਾਰਨੀ ਕੋਣ ਸਨ ਜਿਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਨਾਲ ਪਾਤਸ਼ਾਹੀ ਮਿਲੀ । ਨੀਲੇ ਵਸਤਰ ਫੂਕ ਕੇ ਤੁਕ ਉਲਟਾਈ ਅਤੇ ਸੋਢੀ ਕੌਲ ਜੀ ਦੇ ਪ੍ਰਸ਼ਨਾਂ ਦਾ ਉਤਰ

ਦਿਤਾ। ਇਹ ਸਾਰਾ ਕੁਛ ਉਪ੍ਰੋਕਤ ਪੰਕਤੀਆਂ ਵਿਚੋਂ ਧਿਆਨ ਨਾਲ ਪੜ੍ਹਨ ਤੇ ਪਤਾ ਲਗਦਾ ਹੈ। ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ ਨੇ ਵੀ ਇਸ ਘਟਨਾ ਦਾ ਵਰਣਨ ਕਰਦਿਆਂ ਹੋਇਆਂ ਇਉਂ ਲਿਖਿਆ ਹੈ :

"ਨੀਲੇ ਫਾੜ ਚਿਟੇ ਵਸਤ੍ਰ ਪਹਿਨ ਗੁਰੂ ਜੀ,
ਗੁਰੂ ਗ੍ਰੰਥ ਦੀ ਤੁਕ ਪਲਟਾਈ ਓਥੇ।"

ਅਜੇ ਵੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਅਖਵਾਉਣ ਅਤੇ ਨੀਲੇ-ਕਾਲੇ ਰੰਗ ਦੇ ਬਸਤਰ ਪਹਿਰਨ, ਤਦ ਇਸ ਦਾ ਭਾਵ ਇਹ ਹੈ ਕਿ ਗੁਰੂ ਜੀ ਦੇ ਸਰਬੰਸ ਕੁਰਬਾਨ ਕਰ ਦੇਣ ਦੀ ਉਹਨਾਂ ਦੇ ਮਨ ਵਿਚ ਕੋਈ ਕੀਮਤ ਨਹੀਂ।

ਸ੍ਰੀ ਗੁਰੂ ਜੀ ਨੇ ਸ੍ਰੀ ਦਸਮ ਗ੍ਰੰਥ ਵਿਚ ਰੁਦ੍ਰ ਅਵਤਾਰ ਪਾਰਸ ਨਾਥ ਦੀ ਕਥਾ ਲਿਖਦਿਆਂ ਜਿਥੇ ਬਿਬੇਕ (ਵਿਚਾਰਵਾਨ) ਅਤੇ ਅਬਿਬੇਕ (ਵਿਚਾਰ ਰਹਿਤ) ਦੇ ਪਰਸੰਗ ਦਾ ਵਰਣਨ ਕੀਤਾ ਹੈ ਉਥੇ ਅਬਿਬੇਕ ਦੇ ਰਥ ਵਸਤਰਾਂ ਆਦਿਕ ਸਭਨਾਂ ਦਾ ਰੰਗ ਕਾਲਾ ਲਿਖਿਆ ਹੈ :

ਅਸਿਤ* ਬਰਣ ਅਬਿਬੇਕ
ਅਸਿਤ ਬਾਜੀਰਥ ਸੋਭਤ।
ਅਸਿਤ ਬਸਤਰ ਤਿਹ ਅੰਗ
ਨਿਰਖ ਨਾਰੀ ਨਰ ਲੋਭਤ॥
ਅਸਿਤ ਸਾਰਥੀ ਅਗਰ
ਅਸਿਤ ਆਭਰਨ ਰਥੋਤਮ।
ਅਸਿਤ ਧਨੁਖ ਚਰ ਅਸਿਤ ਧੁਜਾ
ਜਾਨਕ ਪੁਰਖੋਤਮ।
ਇਹ ਛਬ ਨਰੇਸ ਅਬਿਬੇਕ ਨ੍ਰਿਪ
ਜਗਤ ਜਯੰਕਰ ਮਾਨੀਐ।
ਅਨਜਿਤ ਜਾਸ ਕਹਨਾਤ ਜੋ
ਕਿਸਨ ਰੂਪ ਤਿਹ ਜਾਨੀਐ।

ਅਬਿਬੇਕ ਦਾ ਅਸਰ ਏਨਾਂ ਹੈ ਕਿ ਅਜ ਕਲ੍ਹ ਕਈ ਪ੍ਰਚਾਰਕ ਦਸਮੇਸ਼ ਜੀ ਦੀ ਸਵਾਰੀ ਵਾਲੇ ਘੋੜੇ ਨੂੰ 'ਨੀਲਾ' ਆਖ ਦਿੰਦੇ ਹਨ। ਘੋੜੇ ਰਖਣ ਵਾਲਿਆਂ ਨੂੰ ਪਤਾ ਹੈ ਕਿ ਘੋੜਾ ਨੀਲੇ ਰੰਗ ਦਾ ਨਹੀਂ ਹੁੰਦਾ। 'ਨੀਲੇ' ਦਾ ਅਰਥ ਗਧਾ ਹੈ।

[ਦੇਖੋ ਮਹਾਨ ਕੋਸ਼ ਸਫਾ ੫੩੭ ਕਾਲਮ ੪

ਉਪ੍ਰੋਕਤ ਪ੍ਰਮਾਣਾਂ ਤੋਂ ਇਹ ਬਿਲਕੁਲ ਨਿਰਣਾ ਹੋ ਜਾਂਦਾ ਹੈ ਕਾਲਾ-ਨੀਲਾ ਰੰਗ ਸਿਖ ਧਰਮ ਦੇ ਵਿਰੁਧ ਹੈ ਸਤਿਜੁਗੀ ਬਾਣਾ ਨਹੀਂ ਅਤੇ ਵਿਚਾਰ ਹੀਨ ਪੁਰਸ਼ਾਂ ਦਾ ਭੇਸ ਹੈ।

ਸੁਣਨ ਵਿਚ ਵੀ ਆਇਆ ਹੈ ਕਿ ਨਨਕਾਣੇ ਸਾਹਿਬ ਗੁਰਦਵਾਰੇ ਤੇ ਕਜ਼ਬਾ ਕਰਨ ਵਾਲੇ ਜੋ ਸਿਖ ਉਥੋਂ ਦੇ ਕਾਬਜ਼ਾਂ ਵਲੋਂ ਮਾਰ ਦਿਤੇ ਗਏ। ਉਹਨਾਂ ਦੇ ਸੋਗ ਵਿਚ ਨੀਲੇ ਜਾਂ ਕਾਲੇ ਰੰਗ ਦੇ ਦਸਤਾਰੇ ਪਹਿਲਾਂ ਪਹਿਲ ਸਜਾਏ ਗਏ। ਸੋਗ ਦਾ ਵਿਖਾਵਾ ਕਰਨਾ ਵੀ ਸਿਖ ਧਰਮ ਵਿਰੁਧ ਹੈ ਪਰ ਜੇ ਇਹ ਜ਼ਰੂਰੀ ਕਰਨਾ ਵੀ ਸੀ ਤਦ ਪੰਜ-ਦਸ ਦਿਨ ਕਰਨ ਤੋਂ ਬਾਅਦ ਛਡ ਦੇਣਾ ਚਾਹੀਦਾ ਸੀ। ਪਰ ਇਸ ਦੇ ਉਲਟ ਇਸ ਰੰਗ ਦੇ ਵਸਤ੍ਰ ਪਹਿਰਨ ਵਾਲਿਆਂ ਦੀ ਇਕ ਸੰਪਰਦਾਯ ਚਲਾ ਦਿਤੀ ਅਤੇ ਅਨਜਾਣ ਭੋਲੇ ਭਾਲੇ ਸਿਖਾਂ ਨੂੰ ਇਹ ਨਿਸਚਾ ਕਰਵਾ ਦਿਤਾ ਗਿਆ ਕਿ ਕਾਲਾ-ਨੀਲਾ ਰੰਗ ਵੀ ਸਿਖ ਧਰਮ ਦਾ ਇਕ ਚਿਨ੍ਹ ਹੈ। ਕਈ ਦਸਤਾਰ ਨੀਲੀ ਨਹੀਂ ਬੰਨਦੇ ਪਰ ਕ੍ਰਿਪਾਨ ਗਾਤਰੇ ਪਾਉਂਦੇ ਹਨ ਅਤੇ ਉਸ ਦਾ ਗਾਤਰਾ ਨੀਲੇ ਰੰਗ ਦਾ ਬਣਵਾ ਲੈਂਦੇ ਹਨ।

ਪਾਠਕ ਇਹਨਾਂ ਸਤਰਾਂ ਨੂੰ ਵਿਰੋਧ ਦ੍ਰਿਸ਼ਟੀ ਨਾਲ ਨਾ ਪੜ੍ਹਨ ਬਲਕਿ ਉਪਰ ਦਿਤੇ ਹੋਏ ਹਵਾਲਿਆਂ ਤੇ ਧੀਰਜ ਨਾਲ ਵੀਚਾਰ ਕਰਨ ਅਤੇ ਅਸਲੀਅਤ ਸੁਣਨ ਵਾਲਿਆਂ ਅਤੇ ਹੋਰਨਾਂ ਤਕ ਪਹੁੰਚਾਉਣ।

*ਕਾਲਾ ਰਗ

ਮਹਾਂ ਪੁਰਸ਼

(ਲੜੀਵਾਰ)

ਮਹਾਂ ਪੁਰਸ਼ਾਂ ਦੀ ਸੰਗਤ ਦਾ ਸੁਭਾਗ ਮਹਾਨ ਉੱਤਮ ਭਾਗਾਂ ਦੀ ਨਿਸ਼ਾਨੀ ਹੈ। ਇਹ ਸੁਭਾਗ ਹਰ ਕਿਸੇ ਨੂੰ ਪ੍ਰਾਪਤ ਨਹੀਂ ਹੋ ਸਕਦਾ। ਸੱਚ ਮੁੱਚ ਹੀ ਉਹ ਵਿਅਕਤੀ ਧੰਨਤਾ ਦੇ ਯੋਗ ਹਨ ਜਿਨ੍ਹਾਂ ਉੱਪਰ ਮਹਾਂ ਪੁਰਸ਼ਾਂ ਦੀ ਕ੍ਰਿਪਾ-ਦ੍ਰਿਸ਼ਟੀ ਦਾ ਸੰਚਾਰ ਹੁੰਦਾ ਹੈ। ਅਜ ਕਲ ਦੇ ਇਸ ਸੜ ਬਲ ਰਹੇ ਸੰਸਾਰ ਵਿਚ, ਵਿਰਲੇ ਹੀ ਪ੍ਰਾਣੀ ਹੋਣਗੇ ਜਿਹੜੇ ਕਾਮ ਕ੍ਰੋਧ ਤੇ ਲੋਭ ਮੋਹ ਹੰਕਾਰ ਦੇ ਮਾਰੂ ਹਮਲਿਆਂ ਤੋਂ ਬਚਕੇ, ਆਪਣੇ ਆਪਨੂੰ ਪ੍ਰਭੂ ਪ੍ਰਮੇਸ਼ੁਰ ਦੀ ਭਗਤੀ ਨਾਲ ਜੋੜ ਸਕਣ। ਕਲਿਜੁਗੀ ਹਮਲਿਆਂ ਤੋਂ ਬਚਣ ਦਾ ਇਕੋ ਇਕ ਸਾਧਨ ਕੇਵਲ ਮਹਾਂ ਪੁਰਸ਼ਾ ਦੀ ਸੰਗਤ ਹੈ। ਕਲਿਜੁਗੀ ਭਾਂਬੜਾ ਦੀ ਤਪਸ਼ ਨੂੰ ਕੇਵਲ ਮਹਾਂ ਪੁਰਸ਼ ਹੀ ਸ਼ਾਂਤ ਕਰ ਸਕਦੇ ਹਨ। ਇਸ ਲਈ ਮਹਾਂ ਪੁਰਸ਼ ਦੇ ਸਹੀ ਲਖਸ਼ ਨੂੰ ਸਮਝਣ ਲਈ, ਗੁਰਮਤਿ ਦੇ ਵਿਚਾਰਾਂ ਨੂੰ ਅਨੁਭਵ ਕਰਨਾ ਜ਼ਰੂਰੀ ਹੈ।

ਮਹਾਂ ਪੁਰਸ਼ ਦੋ ਸ਼ਬਦਾਂ ਦਾ ਸਮਾਸ ਹੈ। ਪੁਰਸ਼ ਤੇ ਮਹਾਨ ਮਿਲਕੇ ਮਹਾਂ ਪੁਰਸ਼ ਬਣਦਾ ਹੈ। ਮਹਾਨ ਦਾ ਅਰਥ ਹੈ ਵੱਡਾ ਅਥਵਾ Great ; ਜੇ ਸੁਗਿਆਨਕ ਸੰਕੇਤ ਵਰਤਿਆ ਜਾਵੇ ਤਾਂ ਇਸ ਦਾ ਮਤਲਬ ਇਹ ਬਣਦਾ ਹੈ ਕਿ ਮਹਾਂ ਪੁਰਸ਼ ਉਹ ਹੈ ਜੋ ਤ੍ਰਿਗੁਣ-ਅਤੀਤ ਹੋਵੇ। ਅਜੇਹੇ ਵਯਕਤੀ ਨੂੰ Superman ਵੀ ਕਿਹਾ ਜਾ ਸਕਦਾ ਹੈ। ਸੋ ਜੋ ਪੁਰਸ਼ ਪ੍ਰਕ੍ਰਿਤੀ ਦੇ ਬੰਧਨਾਂ ਤੋਂ ਪਰੇ ਹੈ ਅਤੇ ਪਰਮਾਰਥ ਸਿੱਧੀ ਕਰ ਚੁੱਕਾ ਹੈ, ਉਹੀ ਮਹਾਂ ਪੁਰਸ਼ ਹੈ। ਮਹਾਂ ਪੁਰਸ਼ ਤੇ ਲੱਛਣ ਹੈਰਾਨ ਕਰ ਦੇਣ ਵਾਲੇ ਹਨ।

ਸੰਸਾਰਕ ਕਲੇਸ਼ਾਂ ਤੋਂ ਬਚਕੇ ਰਹਿਣਾ, ਸੁਖਾਲੀ ਜਿਹੀ ਗੱਲ ਨਹੀਂ। ਪ੍ਰਕ੍ਰਿਤੀ ਦੇ ਬੰਧਨ ਤਾਂ ਇਤਨੇ ਤੇਜ਼ ਹਨ ਕਿ ਹਰ ਕੋਈ ਇਨ੍ਹਾਂ ਦੀ ਕੈਦ ਵਿਚ ਜਕੜਿਆਂ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੀ ਲੰਬੀ ਸਾਧਨਾ ਹੀ, ਇਕੋ ਇਕ ਸਾਧਨ ਹੈ, ਜਿਸ ਨਾਲ ਸੰਸਾਰਿਕ ਝੰਬੇਲਿਆਂ ਤੇ ਹੋਰ ਮਨੁਖੀ ਕਲੇਸ਼ਾਂ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਦੁਨਿਆਵੀ ਬਚਨਾਂ ਵਿਚ ਗ੍ਰਿਹਸਥੀ ਮਨੁਖ ਤੇ ਮਨੁੱਖਤਾ ਦੇ ਆਦਰਸ਼ ਤੋਂ ਨੀਵਾਂ ਡਿਗ ਪੈਂਦਾ ਹੈ। ਉਹ ਆਪਣੇ ਆਪ ਲਈ ਤੇ ਸਾਧਾਰਨ ਜਨਤਾ ਲਈ ਘ੍ਰਿਣਾ ਉਪਜਾਉਣ ਦਾ ਕਾਰਨ ਬਣ ਜਾਂਦਾ ਹੈ, ਅਕਾਲ ਪੁਰਖ ਨੇ ਇਸਨੂੰ ਇਨੀ ਸਮਰਥਾ ਜ਼ਰੂਰ ਦਿਤੀ ਹੈ ਕਿ ਖਾਸ ਯਤਨਾਂ ਦਵਾਰਾ, ਇਹ ਆਪਣੇ ਆਪ ਨੂੰ ਇਨਾ ਉੱਚਾ ਚੁੱਕ ਸਕੇ ਕਿ ਆਮ ਜਨਤਾ ਇਸ ਨੂੰ ਘ੍ਰਿਣਾ ਦੀ ਥਾਂ, ਪ੍ਰੇਮ ਤੇ ਸਤਿਕਾਰ ਦੀਆਂ ਅੱਖਾਂ ਨਾਲ ਵੇਖਣ ਲੱਗ

ਪਵੇ । ਜੇਕਰ ਇਹ ਐਸਾ ਨਾ ਕਰੇ ਤਾਂ ਇਸਦੀ ਅਵਸਥਾ ਹੋਰ ਭੈੜੀ ਤੋਂ ਭੈੜੀ ਹੁੰਦੀ ਜਾਂਦੀ ਹੈ ।

ਜਿਵੇਂ ਅਗਨੀ ਇਕ ਅਤੀ ਸੁੰਦਰ ਅਟਾਰੀ ਜਾਂ ਅਲੀਸ਼ਾਨ ਇਮਾਰਤ ਨੂੰ, ਅੱਖ ਦੇ ਇਕੋ ਫਰਕਾਰੇ ਵਿਚ, ਸਾੜਕੇ ਸੁਆਹ ਕਰ ਦਿੰਦੀ ਹੈ, ਇਸੇ ਤਰ੍ਹਾਂ ਮਨੁੱਖ ਅਵਿਦਿਆਂ ਦੇ ਭਾਂਬੜਾਂ ਵਿਚ ਦਗਧ ਹੋ ਕੇ, ਮਨੁੱਖ ਪੁਣੇ ਤੋਂ ਕਿਤੇ ਪਰੇਡੇ ਜਾ ਡਿਗਦਾ ਹੈ । ਇਸ ਦੁਖਾਂ ਭਰੀ ਦਸ਼ਾ ਤੋਂ ਬਚਣ ਲਈ, ਗੁਰਬਾਣੀ ਦੀ ਓਟ ਤੇ ਮਹਾਂ ਪੁਰਸ਼ਾਂ ਦੀ ਸੰਗਤ ਹੀ ਸਹਾਈ ਹੁੰਦੀ ਹੈ । ਹੋਰ ਸਾਰੇ ਆਸਰੇ ਬੇਅਸਰ ਹਨ ।

ਮਨੁੱਖ ਵਿਚ ਇਹ ਸ਼ਕਤੀ ਵੀ ਹੈ ਕਿ ਉਹ ਅਧੋਗਤੀ ਤੋਂ ਉੱਠਕੇ, ਅਵਿਦਯਾ ਅਥਵਾ ਤ੍ਰਿਗੁਣ ਆਤਮਿਕ ਪ੍ਰਕ੍ਰਿਤੀ ਉੱਤੇ ਕਾਬੂ ਪਾਕੇ, ਇਸ ਉੱਪਰ ਪੂਰਨ ਵਿਜਈ ਹੋਕੇ ਸਦਾ ਲਈ ਇਸ ਦੀਆਂ ਫਾਹੀਆਂ ਨੂੰ ਤੋੜਕੇ ਤੇ ਛਾਲਾਂ ਮਾਰਕੇ, ਇਸ ਦੀ ਲਕੀਰ ਤੋਂ ਬਾਹਰ ਹੋ ਜਾਵੇ । ਇਉਂ ਕਰਨ ਨਾਲ ਉਹ ਸਾਧਾਰਣ ਮਨੁੱਖਤਾ ਦੀ ਪੱਧਰ ਉੱਪਰ ਆ ਜਾਵੇਗਾ ।

ਮਨੁੱਖ ਦਾ ਮਨੋਰਥ ਕੇਵਲ ਮਨੁੱਖਤਾ ਦੇ ਦਰਜੇ ਤੱਕ ਪਹੁੰਚਣਾ ਹੀ ਨਹੀਂ, ਸਗੋਂ ਇਸ ਨੇ ਇਸ ਤੋਂ ਵੀ ਹੋਰ ਅਗੇ ਜਾਣਾ ਹੈ। ਅਸਲ ਪ੍ਰਯੋਜਨ ਤਾਂ ਉਸ ਅਲੌਕਿਕ ਸ਼ਕਤੀ ਦੇ ਨਾਲ ਮਿਲਕੇ, ਉਸੇ ਵਿਚ ਲੀਨ ਹੋਣਾ ਹੈ, ਜਿਸ ਸ਼ਕਤੀ ਵਿਚੋਂ ਮਨੁੱਖ ਦੀ ਹੋਂਦ ਹੋਈ ਹੈ । ਮਨੁੱਖ ਜੀਵਨ ਦਾ ਭਾਵ ਇਹੀ ਹੀ ਨਹੀਂ ਕਿ ਸਾਧਾਰਨ ਮਨੁੱਖਤਾ ਦੀ ਚੋਟੀ ਤੇ ਹੀ ਪੁਜਕੇ—ਬੱਸ ਕਰ ਦੇਵੇ ਜਾਂ ਇਉਂ ਸਮਝ ਲਵੇ ਕਿ ਉਹ ਆਪਣੇ ਅਸਲ ਟੀਚੇ ਉਤੇ ਪਹੁੰਚ ਗਿਆ ਹੈ । ਮਨੁੱਖ ਨੂੰ ਇਸ ਤੋਂ ਅਗੇ ਹੋਰ ਉਚੇ ਉੱਠਣ ਅਤੇ ਅਗੇ ਵਧਣ ਦਾ ਯਤਨ ਕਰਨਾ ਚਾਹੀਦਾ ਹੈ । ਇਹੀ ਪਰਮਾਰਥ ਹੈ ।

ਜੇਕਰ ਸਾਡੇ ਹੱਥ, ਮਿੱਟੀ ਦੇ ਤੇਲ ਦੀ ਜਾਂ ਕਿਸੇ ਹੋਰ ਚੀਜ਼ ਦੀ ਦੁਰਗੰਧੀ ਨਾਲ ਖਰਾਬ ਹੋ ਜਾਣ ਤਾਂ ਇਸ ਦੁਰਗੰਧੀ ਨੂੰ ਦੂਰ ਕਰਨ ਲਈ, ਆਪਣੇ ਹੱਥਾਂ ਨੂੰ ਕਿਸੇ ਚੰਗੀ ਕਿਸਮ ਦੇ ਸਾਬਣ ਨਾਲ ਖੂਬ ਮਲਕੇ ਧੋਣਾ ਪੈਂਦਾ ਹੈ । ਦੋ ਤਿੰਨ ਵਾਰੀ ਸਾਬਣ ਮਲਿਆਂ, ਦੁਰਗੰਧੀ ਦੂਰ ਹੋ ਜਾਵੇਗੀ । ਪਰ ਜੇ ਹੁਣ ਦਿਲ ਵਿਚ ਇਹ ਰੀਝ ਹੋਵੇ ਕਿ ਇਨ੍ਹਾਂ ਹੱਥਾਂ ਨੂੰ ਕੋਈ ਪਿਆਰ ਕਰੇ, ਇਨ੍ਹਾਂ ਹੱਥਾਂ ਨੂੰ ਕਿਸੇ ਸੁੰਦਰ ਮੁਖੜੇ ਵਾਲੇ ਸੋਹਣੇ ਦਾ ਸਪਰਸ਼ ਪ੍ਰਾਪਤ ਹੋਵੇ ਤਾਂ ਲੋੜ ਹੈ ਕਿ ਇਨ੍ਹਾਂ ਹੱਥਾਂ ਨੂੰ ਹੋਰ ਸੁੰਦਰ ਬਣਾਇਆ ਜਾਵੇ । ਕਿਸੇ ਮਿੱਠੀ ਸੁਗੰਧੀ ਵਾਲੇ ਤੇਲ ਦੀ ਵਰਤੋਂ ਕੀਤੀ ਜਾਵੇ ਤਾਂ ਜੁ ਹੱਥਾਂ ਦੀ ਮਿੱਠੀ ਮਿੱਠੀ ਗੁਲਾਬ ਭਿੰਨੀ ਖੁਸ਼ਬੋ ਕਿਸੇ ਜਲਵਾਮਈ ਨੂਰ ਨੂੰ ਆਪਣੇ ਵੱਲ ਖਿੱਚ ਪਾ ਸਕੇ ।

ਤ੍ਰਿਗੁਣ-ਅਤੀਤ ਅਵਸਥਾ ਦੇ ਗੁਣਾਂ ਨੂੰ ਪ੍ਰਾਪਤ ਕਰਨਾ ਅਤੀ ਜ਼ਰੂਰੀ ਹੈ । ਇਸ ਅਵਸਥਾ ਵਿਚ ਪਹੁੰਚਕੇ, ਮਨੁੱਖ ਸਰਵੱਗ ਅਤੇ ਅਮਰ ਹੋ ਜਾਂਦਾ ਹੈ । ਉਹ ਦੇਸ, ਕਾਲ ਤੇ ਵਸਤੂ ਦੇ ਭੇਦ ਤੋਂ ਰਹਿਤ ਹੋ ਜਾਂਦਾ ਹੈ । ਮੁੱਕਦੀ ਗੱਲ ਇਹ ਹੈ ਕਿ ਉਸਦਾ ਗਿਆਨ ਪੂਰਨ ਹੋ ਜਾਂਦਾ ਹੈ । ਅਧੂਰਾਪੁਣਾ ਉਸ ਵਿਚ ਨਹੀਂ ਰਹਿੰਦਾ । ਇਹ ਨਹੀਂ ਕਿ ਜੇ ਉਹ ਭਾਰਤ ਵਿਚ ਬੈਠਾ ਹੋਇਆ ਹੈ ਤਾਂ ਉਸਨੂੰ ਇੰਗਲਸਤਾਨ ਜਾਂ ਜਾਪਾਨ ਦਾ ਕੋਈ ਗਿਆਨ ਨਹੀਂ ਹੋਵੇਗਾ ਜਾਂ ਉਸਨੂੰ ਭਵਿਖਤ ਸਬੰਧੀ ਕੋਈ ਵਾਕਫੀ ਨਹੀਂ ਹੁੰਦੀ । ਉਹ ਤਾਂ ਸਗੋਂ ਸਰਬ ਕਲਾ ਕਾ ਗਯਾਤਾ ਹੋ ਜਾਂਦਾ ਹੈ । ਉਸ ਨੂੰ ਤਿੰਨਾਂ ਕਾਲਾਂ ਦੀ ਸੰਪੂਰਨ ਸੋਝੀ ਹੁੰਦੀ ਹੈ । ਉਹ ਦੇਸ਼ ਕਾਲ ਤੇ ਵਸਤੂ ਦੀਆਂ ਹੱਦਾਂ ਤੋਂ ਦੂਰ ਦੁਰੇਡਾ ਹੋਕੇ, ਕੇਵਲ ਆਤਮਿਕ ਗੁਣ ਦੇ ਪ੍ਰਕਾਸ਼ ਨਾਲ ਪ੍ਰਜਵਲਿਤ ਹੋ ਜਾਂਦਾ ਹੈ । ਉਸਦੇ ਆਲੇ ਦੁਆਲੇ, ਅੰਦਰ ਅਤੇ ਬਾਹਰ, ਰੌਸ਼ਨੀ ਹੀ ਰੌਸ਼ਨੀ ਹੁੰਦੀ ਹੈ । ਹਨੇਰਾ ਮਿਟ ਜਾਂਦਾ ਹੈ । ਉਸਦੇ ਸੰਸੇ ਅਤੇ ਭੁਲੇਖੇ ਅਲੋਪ ਹੋ ਜਾਂਦੇ ਹਨ । ਇਸ ਅਵਸਥਾ ਦੇ ਮਾਲਕ ਨੂੰ ਹੀ ਮਹਾਂ ਪੁਰਸ਼, ਪੂਰਨ ਪੁਰਸ਼ ਜਾਂ ਮਹਾਤਮਾ ਕਿਹਾ ਜਾਂਦਾ ਹੈ ।

ਇਕ ਗੱਲ ਧਿਆਨ ਦੇਣ ਦੇ ਯੋਗ ਹੈ ਕਿ ਜਿਸ ਚੀਜ਼ ਦੀ ਵਧੇਰੇ ਕਦਰ ਹੋਣ ਲੱਗ ਪਵੇ, ਆਮ ਲੋਕੀ ਉਸ ਦੀਆਂ ਨਕਲਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ । ਇਸ ਤੋਂ ਹਾਨੀ ਇਹ ਹੁੰਦੀ ਹੈ ਕਿ ਅਸਲੀ ਤੇ ਨਕਲੀ ਚੀਜ਼ ਵਿਚ ਕੋਈ ਫਰਕ ਨਹੀਂ ਰਹਿ ਜਾਂਦਾ । ਲੋੜਵੰਦ

ਸੱਜਣਾਂ ਨੂੰ ਅਸਲੀ ਚੀਜ਼ ਪ੍ਰਾਪਤ ਕਰਨੀ ਔਖੀ ਹੋ ਜਾਂਦੀ ਹੈ। ਉਹ ਵਿਚਾਰੇ ਭੰਬਲ ਭੂਸ਼ਿਆਂ ਵਿਚ ਪਏ ਹੋਏ, ਏਧਰ ਉਧਰ ਭਟਕਦੇ ਰਹਿੰਦੇ ਨੇ।

ਜਿਵੇਂ 'ਪ੍ਰੋਫੈਸਰ' ਦਾ ਸ਼ਬਦ ਕੇਵਲ ਉਸ ਸੱਜਣ ਲਈ ਮਖਸੂਸ ਹੈ ਜਿਸਨੇ ਯੂਨੀਵਰਸਟੀ ਵਿਚੋਂ ਉੱਚ ਕੋਟੀ ਦੇ ਇਮਤਿਹਾਨ ਪਾਸ ਕਰਕੇ ਤੇ ਚੰਗੇ ਨੰਬਰ ਲੈਕੇ, ਕਿਸੇ ਕਾਲਜ ਵਿਚ ਪੜ੍ਹਾਉਣਾ ਹੀ ਆਪਣਾ ਮੁੱਖ ਕੰਮ ਸਮਝਿਆ ਹੋਇਆ ਹੋਵੇ। ਪਰ ਅੱਜ ਕੱਲ ਇਹ ਹਾਲਤ ਹੈ ਕਿ ਜਿਸ ਕਿਸੇ ਨੇ ਕੋਈ ਇਕ ਇਮਤਿਹਾਨ ਵੀ ਪਾਸ ਨਾ ਕੀਤਾ ਹੋਵੇ ਤੇ ਕਿਸੇ ਕਾਲਜ ਦਾ ਮੂੰਹ ਤੱਕ ਨਾ ਵੇਖਿਆ ਹੋਵੇ, ਉਹ ਵੀ ਕਿਸੇ ਨਿਕੇ ਜਿਹੇ ਕਿਰਾਏ ਦੇ ਕਮਰੇ ਵਿਚ ਦੋ ਚਾਰ ਮੁੰਡਿਆਂ ਨੂੰ ਪੜ੍ਹਾਉਣਾ ਸ਼ੁਰੂ ਕਰਕੇ, ਆਪਣੇ ਆਪ ਨੂੰ ਪ੍ਰੋਫੈਸਰ ਜਾਂ ਪ੍ਰਿੰਸੀਪਲ ਕਹਿਣ ਲੱਗ ਪੈਂਦਾ ਹੈ। ਕਈ ਸੁਰਮਾ ਵੇਚਣ ਵਾਲੇ ਵੀ ਆਪਣੇ ਆਪ ਨੂੰ ਪ੍ਰੋਫੈਸਰ ਲਿਖਦੇ ਨੇ। ਜਿਹੜਾ ਕੋਈ ਥੋੜਾ ਬਹੁਤ ਰਾਗੀ ਹੋਵੇ ਜਾਂ ਕਦੀ ਦੋ ਗੀਤ ਕਿਸੇ ਰੇਡੀਉ ਸਟੇਸ਼ਨ ਉਤੇ ਗਾ ਆਇਆ ਹੋਵੇ, ਉਹ ਵੀ ਆਪਣੇ ਆਪ ਨੂੰ ਪ੍ਰੋਫੈਸਰ ਕਹਾਉਣ ਲੱਗ ਪੈਂਦਾ ਹੈ। ਬਥੇਰੇ ਲੋਕ ਹਨ, ਜਿਹੜੇ ਮੁਫਤੋ ਮੁਫਤੀ ਡਾਕਟਰ ਬਣੇ ਫਿਰਦੇ ਹਨ। ਅਸਲ ਵਿਚ ਤਾਂ ਡਾਕਟਰ ਉਹੀ ਹੁੰਦਾ ਹੈ ਜਿਸਨੇ ਐਫ. ਐਸ. ਸੀ ਜਾਂ ਬੀ. ਐਸ. ਸੀ ਦਾ ਇਮਤਿਹਾਨ ਪਾਸ ਕਰਕੇ ਪੰਜ ਸੱਤ ਸਾਲ ਕਿਸੇ ਮੈਡੀਕਲ ਕਾਲਜ ਵਿਚ ਵਿਦਿਆ ਪ੍ਰਾਪਤ ਕੀਤੀ ਹੋਵੇ। ਦਸ ਪੰਦਰਾਂ ਹਜ਼ਾਰ ਰੁਪਿਆ ਪੜ੍ਹਾਈ ਉੱਪਰ ਖਰਚ ਕੀਤਾ ਹੋਵੇ ਤੇ ਪੰਜ ਸਤ ਸੌ ਕਿਤਾਬਾਂ ਦਾ ਅਧਯਨ ਕੀਤਾ ਹੋਵੇ ਤੇ ਫੇਰ ਐਲ. ਐਸ. ਐਮ. ਐਫ. ਜਾਂ ਐਮ. ਬੀ, ਬੀ. ਐਸ ਦੀ ਡਿਗਰੀ ਕਿਸੇ ਯੂਨੀਵਰਸਟੀ ਕੋਲੋਂ ਪ੍ਰਾਪਤ ਕੀਤੀ ਹੋਈ ਹੋਵੇ। ਜਾਂ ਫਿਰ ਡਾਕਟਰ ਉਸਨੂੰ ਕਿਹਾ ਜਾਂਦਾ ਹੈ ਜਿਸਨੇ ਵਿਦਿਆ ਦੇ ਕਿਸੇ ਵਿਸ਼ਯ ਉੱਪਰ ਸੰਪੂਰਨ ਜਾਣਕਾਰੀ ਪ੍ਰਾਪਤ ਕਰਕੇ, ਕਈ ਸੈਂਕੜੇ ਕਿਤਾਬਾਂ ਪੜ੍ਹਕੇ ਤੇ ਚਾਰ ਪੰਜ ਸਾਲ ਲੰਬੀ ਘਾਲਣਾ ਕਰਕੇ, ਥੀਸਸ ਲਿਖਕੇ, ਪੀ. ਐਚ. ਡੀ. ਦੀ ਡਿਗਰੀ ਲਈ ਹੋਵੇ। ਪੀ. ਐਚ. ਡੀ ਦੀ ਡਿਗਰੀ ਵਾਲੇ ਨੂੰ ਵੀ ਡਾਕਟਰ ਕਿਹਾ ਜਾਂਦਾ ਹੈ। ਪਰ ਅੱਜ ਕੱਲ ਹਰ ਕੋਈ ਐਰਾ ਗ਼ੈਰਾ ਨੱਥੂ ਖੈਰਾ ਹੀ ਡਾਕਟਰ ਬਣਿਆ ਫਿਰਦਾ ਹੈ। ਜਿਸਨੂੰ ਦੋ ਚਾਰ ਦਵਾਈਆਂ ਦੇ ਨਾਮ ਯਾਦ ਹੋਵਣ ਜਾਂ ਜਿਸਨੂੰ ਇੰਨਜੈਕਸ਼ਨ ਲਗਾਉਣ ਦੀ ਜਾਚ ਆ ਜਾਵੇ ਉਹ ਵੀ ਝੱਟ ਆਪਣੇ ਘਰ ਸਾਹਮਣੇ "ਡਾਕਟਰ" ਦਾ ਫੱਟਾ ਲਿਖਕੇ ਲਟਕਾ ਦਿੰਦਾ ਹੈ। ਉਹ ਹਰ ਕਿਸੇ ਕੋਲ ਆਪਣੇ ਆਪ ਨੂੰ ਡਾਕਟਰ ਦੱਸਦਾ ਹੈ ਤੇ ਜੇਕਰ ਉਸਨੂੰ ਕੋਈ ਡਾਕਟਰ ਨਾ ਕਹੇ ਤਾਂ ਉਹ ਗੁੱਸਾ ਕਰਦਾ ਹੈ।

(ਚਲਦਾ)

ਆਗਿਆ ਭਈ ਅਕਾਲ ਕੀ !

ਅਜ ਦੀ ਸਿਖੀ ਦੇ ਦਾਹਵੇਦਾਰ ਜੋ ਦਸਮੇ ਪਾਤਸ਼ਾਹ ਨੂੰ ਆਖਰੀ ਪੇਸ਼ਵਾ ਦਸਕੇ ਗੁਰਿਆਈ ਦਾ ਸਿਲਸਿਲਾ ਸ੍ਰੀ ਗਰੰਥ ਸਾਹਿਬ ਤੇ ਖਤ੍ਰਮ ਕਰ ਦਿੰਦੇ ਹਨ। ਭਾਵੇਂ ਇਸ ਸੰਬੰਧੀ ਓਨ੍ਹਾ ਕੋਲ ਕੋਈ ਨਿਗਰ ਦਲੀਲ ਜਾਂ ਪ੍ਰਮਾਣ ਨਹੀਂ, ਪਰ ਫਿਰ ਵੀ ਉਹ ਇਕ ਦੋ ਦੋਹਰੇ, ਪੜ੍ਹਕੇ ਆਪਣੇ ਪੱਖ ਦੀ ਪ੍ਰੋੜਤਾ ਕਰਦੇ ਹਨ, ਉਹ ਦੋਹਰੇ ਏਹ ਹਨ।

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ। ਸਭ ਸ਼ਿਖਨ ਕੋ ਹੁਕਮ ਹੈ ਗੁਰੂ ਮਾਨੀਯੋਂ ਗਰੰਥ ॥ ਗੁਰੂ ਗਰੰਥ ਜੀ ਮਾਨੀਓਂ ਪ੍ਰਗਟ ਗੁਰਾਂ ਕੀ ਦੇਹ ॥ ਜਿਨਕਾ ਹਿਰਦਾ ਸੁਧ ਹੈ ਖੋਜ ਸਬਦ ਮੈਂ ਲੇਹ ॥

ਏਹਨਾਂ ਦੋਹਰਿਆਂ ਉਤੇ ਹੀ ਸਿੰਘ ਸਭੀਏ ਸਜਣਾਂ ਦਾ ਸਾਰਾ ਦਾਰੋਮਦਾਰ ਹੈ। ਭਾਵੇਂ ਇਹ ਦੋਹਰੇ ਕਿਸੇ ਵੀ ਗੁਰੂ ਜੀ ਦੇ ਮੁਖਵਾਕ ਨਹੀਂ ਅਤੇ ਨਾ ਹੀ ਦਸਮ ਗੁਰੂ ਜੀ ਨੇ ਕਿਤੇ ਉਚਾਰਨ ਕੀਤੇ ਹਨ, ਫਿਰਵੀ ਅਨਪੜ ਤੇ ਅਨਭੋਲ ਸਿਖਾਂ ਨੂੰ ਗਲਤ ਰਸਤੇ ਪਾਣ ਲਈ ਏਨ੍ਹਾਂ ਦੋਹਰਿਆਂ ਨੂੰ ਸ੍ਰੀ ਮੁਖਵਾਕ ਹੀ ਦਸਿਆ ਜਾਂਦਾ ਹੈ। ਹਾਲਾਂ ਕਿ ਨਾ ਆਦਿ ਗਰੰਥ ਵਿਚ ਨਾ ਦਸਮ ਗਰੰਥ ਵਿਚ, ਨਾ ਪੁਰਾਤਨ ਸਿਖ ਇਤਹਾਸ, ਸੂਰਜ ਪ੍ਰਕਾਸ਼ ਪੰਥ ਪ੍ਰਕਾਸ਼ ਗੁਰ ਬਿਲਾਸ, ਸੌ ਸਾਖੀ ਤੇ ਗੁਰਸੋਭਾ ਆਦਿ ਵਿਚ ਹੀ ਏਨ੍ਹਾਂ ਦਾ ਉਲੇਖ ਮਿਲਦਾ ਹੈ। ਫਿਰ ਇਹ ਪ੍ਰਸ਼ਨ ਪੈਦਾ ਹੁੰਦਾ ਏ ਕਿ ਇਹ ਦੋਹਰੇ ਕਿਸਨੇ ਘੜੇ ? ਕਿਵੇਂ ਪ੍ਰਚਲਤ ਹੋਏ ? ਅਸਾਂ ਇਸ ਤੇ ਵਿਚਾਰ ਕਰਨੀ ਹੈ, ਤਾਂਕਿ ਅਸਲੀ ਵਾਕਯਾਤ ਤੇ ਸਚਾਈ ਦੇ ਖੋਜੀ ਸਜਣਾਂ ਨੂੰ ਪਤਾ ਲਗ ਸਕੇ। ਜਦੋਂ ਅਸੀਂ ਸਿਖ ਧਰਮ ਦੀਆਂ ਪੁਸਤਕਾਂ ਵਲ ਨਿਗਾਹ ਮਾਰਦੇ ਹਾਂ ਤਾਂ ਸਾਨੂੰ ਭਾਈ ਪ੍ਰਹਿਲਾਦ ਸਿੰਘ ਜੀਦੇ ਰਹਿਤਨਾਮੇ ਵਿਚ ਇਸ ਸ਼ਕਲ, ਦੇ ਇੰਨ ਬਿੰਨ ਨਹੀਂ, ਕੁਝ ਕੁਝ ਮਿਲਦੇ ਜੁਲਦੇ ਦੋ ਦੋਹਰੇ ਮਿਲਦੇ ਹਨ, ਜੋ ਏਹ ਹਨ:—

"ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਯੋ ਪੰਥ। ਸਭ ਸਿਖਨ ਕੋ ਬਚਨ ਹੈ ਗੁਰੂ ਮਾਨੀਓਂ ਗਰੰਥ। ਗੁਰੂ ਖਾਲਸਾ ਜੀ ਮਾਨੀਓਂ ਪ੍ਰਗਟ ਗੁਰੂ ਕੀ ਦੇਹ। ਜੋ ਸਿਖ ਮਿਲਬੋ ਚਹੈ ਖੋਜ ਇਨੋ ਮੈਂ ਲੇਹ ॥" ਪਰ ਜਦੋਂ ਅਸੀਂ ਇਸ ਨੂੰ ਵਿਚਾਰ ਤਰਾਜੂ ਤੇ ਰਖਕੇ ਤੋਲਦੇ ਹਾਂ, ਤਾਂ ਇਸਦੀ ਸਚਾਈ ਦਾ ਚੰਗੀ ਤਰਾਂ ਨਿਰਣਾ ਹੋ ਜਾਂਦਾ ਹੈ।

ਇਸ ਰਹਿਤਨਾਮੇ ਦੇ ਦੋਹਰੇ ਅਤੇ ਚੋਪਾਈਆਂ ਚਾਲੀ ਹਨ ਅਤੇ ਇਸਦਾ ਆਰੰਭ ਏਨ੍ਹਾਂ ਪੰਗ ਿਆਂ ਨਾਲ ਹੁੰਦਾ ਏ:—

ਦੋਹਰਾ ॥ ਅਬਚਲ ਨਗਰ ਬੈਠੇ ਗੁਰੂ ਮਨਮੇ ਕੀਆ ਵਿਚਾਰ। ਬੋਲਿਆ ਸਚਾ ਪਾਤਸ਼ਾਹ ਮੂਰਤਿ ਸ੍ਰੀ ਕਰਤਾਰ ॥ ੧ ॥ ਹੁਕਮ ਹੋਯਾ ਪ੍ਰਹਿਲਾਦ ਸ਼ਿੰਘ ਬਿਪਜਾਤ ਹੰਸ ਰਾਇ। ਨਿਕਟ ਬੁਲਾਯਾ ਗੁਰੂ ਜੀ ਲੀਨੇ

ਕੰਠ ਲਗਾਇ ॥ ੨ ॥ ਪੰਥ ਚਲਿਓ ਹੈ ਜਗਤ ਮੈਂ ਗੁਰੂ ਨਾਨਕ ਪ੍ਰਸਾਦਿ । ਰਹਿਤ ਬਤਾਈਏ ਖਾਲਸੇ ਸੁਣੋ ਸਿੰਘ ਪ੍ਰਹਿਲਾਦ ॥ ੩ ॥ ਇਸ ਦੇ ੨੪ ਮੇਂ ਅੰਕ ਵਿਚ ਏਹ ਦੋਹਰਾ ਏਹ ਹੈ:—

ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਇਓ ਪੰਥ । ਸਭ ਸਿਖਨ ਕੋ ਬਚਨ ਹੈ ਗੁਰੂ ਮਾਨੀਓ ਗਰੰਥ ॥ ੩੦ ॥ ਬਸ ਏਹਨਾਂ ਦੋਹਰਿਆਂ ਉਤੇ ਹੀ ਸਾਡੇ ਸਿੰਘ ਸਭੀਏ ਵੀਰਾਂ ਦੀ ਟੇਕ ਹੈ, ਪਰ ਏਹਨਾਂ ਦੋਹਰਿਆਂ ਤੇ ਓਹਨਾਂ ਦੋਹਰਿਆਂ ਵਿਚ, ਜੋ ਅਜ ਕਲ ਪੜ੍ਹੇ ਜਾਂਦੇ ਹਨ, ਬਹੁਤ ਸਾਰਾ ਭੇਦ ਹੈ ।

ਪਰ ਜਦੋਂ ਅਸੀਂ ਇਸ ਰਹਿਤਨਾਮੇ ਨੂੰ ਪੜ੍ਹਦੇ ਹਾਂ ਤਾਂ ਸਾਨੂੰ ਤਾਂ ਏਹ ਇੰਨ ਬਿੰਨ ਹੀ ਨਕਲੀ ਤੇ ਕਿਸੇ ਨਵੀਨ ਖਾਲਸੇ ਦੀ ਹੀ ਰਚਨਾ ਜਾਪਦੀ ਹੈ । ਇਸਦੇ ਚਤਰ ਲਿਖਾਰੀ ਨੇ ਆਪਣੇ ਵਲੋਂ ਬੜਾ ਜਤਨ ਕੀਤਾ ਹੈ ਕਿ ਨਾਮਧਾਰੀ ਜੋ ਸਾਨੂੰ ਏਹ ਕਹਿਕੇ ਝੂਠਾ ਕਰਦੇ ਹਨ, ਜੁ ਸਾਨੂੰ ਏਹ ਦੋਹਰੇ ਕਿਤੇ ਲਿਖੇ ਹੋਏ ਦਸੋ ? ਸੋ ਉਹਨਾਂ ਨੂੰ ਨਿਰੁਤ੍ਰ ਕਰਨ ਲਈ ਇਕ ਰਹਿਤਨਾਮਾ ਚੁਕ ਘੜਿਆ, ਤੇ ਜਿਸ ਵਿਚ ਓਹਨਾਂ ਦੋਹਰਿਆਂ ਦੇ ਭਾਵ ਦੇ ਦੋਹਰੇ ਇਸ ਲਈ ਕੁਝ ਪ੍ਰੀਵਰਤਨ ਕਰਕੇ ਲਿਖੇ ਜੋ ਇਸਦੀ ਸਚਾਈ ਤੇ ਕਿਸੇ ਨੂੰ ਕੁਝ ਸ਼ਕ ਨਾ ਭਾਸੇ, ਪਰ ਝੂਠਦੇ ਪੈਰ ਨਹੀ ਹੁੰਦੇ । ਇਸ ਰਹਿਤ ਨਾਮੇ ਨੂੰ ਪੁਰਾਤਨ ਜ਼ਤਾਣ ਲਈ ਇਸਦੇ ਚਤਰ ਲਿਖਾਰੀ ਨੇ ਅੰਕ ੩੫ ਵਿਚ ਇਸ ਰਹਿਤਨਾਮੇ ਦੇ ਬਨਾਣ ਦਾ ਸੰਮਤ ਦਿਤਾ ਹੈ, ਜਿਸਨੇ ਸਾਰਾ ਗੁੜ ਹੀ ਗੋਬਰ ਕਰ ਦਿਤਾ ਹੈ ਤੇ ਅਸਲੀ ਬਾਤ ਵੀ ਪ੍ਰਗਟ ਹੋਣੋ ਨਾ ਰਹੀ ਸਕੀ:—

ਸੰਮਤ ਸੱਤਰਾ ਸੈ ਭਏ ਬਰਸ ਬਵੰਜਾ ਨਿਹਾਰ । ਮਾਘ ਵਦੀ ਥਿਤ ਪੰਚਮੀ ਵੀਰ ਵਾਰ ਸੁਭਵਾਰ ॥ ੩੫ ॥

ਬਸ ਸਾਨੂੰ ਕਿਸੇ ਹੋਰਸ ਪ੍ਰਮਾਣ ਦੀ ਲੋੜ ਨਹੀਂ, ਸ੍ਰੀਮਾਨ ਪ੍ਰਹਿਲਾਦ ਸਿੰਘ ਜੀ ਦਾ ਆਪਣਾ ਲਿਖਿਯਾ ਹੀ ਕਾਫੀ ਏ । ਰਹਿਤ ਨਾਮੇ ਦਾ ਕਰਤਾ ਲਿਖਦਾ ਹੈ ਕਿ ਸ੍ਰੀ ਦਸਮੇਸ ਪਾਤਸ਼ਾਹ ਜੀ ਨੇ ਮੈਨੂੰ ਸ੍ਰੀ ਅਬਚਲ ਨਗਰ (ਹਜ਼ੂਰ ਸਾਹਿਬ) ਵਿਖੇ ਏਹ ਰਹਿਤ ਨਾਮਾ ਲਿਖਣ ਦਾ ਹੁਕਮ ਦਿਤਾ ਹੈ ਅਤੇ ਸ੍ਰੀ ਕਲਗੀਧਰ ਜੀ ਨੇ ਮੁਖਵਾਕ ਲਿਖਵਾਯਾ ਹੈ, ਅਤੇ ਆਪ ਹੀ ਇਸਦੇ ਲਿਖਨ ਦਾ ਸੰਮਤ ੧੭੫੨ ਦਿੰਦਾ ਹੈ । ਇਸ ਤੋਂ ਇਸਦੀ ਸਚਾਈ ਦਾ ਚੰਗੀ ਤਰਾਂ ਪਤਾ ਲਗ ਜਾਂਦਾ ਏ । ਸੰਮਤ ੧੭੫੩ ਬਿ: ਨੂੰ ਸ੍ਰੀ ਗੁਰੂ ਜੀ ਨੇ ਤ੍ਰੀਯਾ ਚਰਿਤ੍ਰ ਪੂਰਣ ਕੀਤਾ, ਸੰਮਤ ੧੭੫੫ ਬਿਕ੍ਰਮੀ ਨੂੰ ਰਾਮ ਕਥਾ ਲਿਖੀ ਅਤੇ ਸੰ: ੧੭੫੬ ਬਿ: ਨੂੰ ਸ੍ਰੀ ਕੇਸਗੜ੍ਹ ਵਿਖੇ ਪ੍ਰੀਖਯਾ ਲੈਕੇ ਖਾਲਸਾ ਪੰਥ ਦੀ ਰਚਨਾ ਕੀਤੀ । ਸੰ: ੧੭੬੨ ਬਿ: ਨੂੰ ਸ੍ਰੀ ਮੁਕਤਸਰ ਦਾ ਯੁਧ ਫਤਹ ਕਰਕੇ ੧੩ ਕਤਕ ਨੂੰ ਸ੍ਰੀ ਦਮਦਮੇ ਸਾਹਿਬ ਪੁਜੇ । ਏਥੇ ਨੌ ਮਹੀਨੇ ਰਹਿਕੇ ਆਦਿ ਗਰੰਥ ਵਿਚ ਨਾਵੇਂ ਪਾਤਸ਼ਾਹ ਦੀ ਬਾਣੀ ਚੜ੍ਹਾਈ । ਸੰ: ੧੭੬੩ ਬਿ: ਨੂੰ ਦਖਣ ਦੀ ਤਿਆਰੀ ਕੀਤੀ ਅਖੀਰ ੬੩ ਵਿਚ ਪੁਜੇ ਤੇ ਇਥੇ ਦੋ ਵਰ੍ਹੇ ਰਹਿਕੇ ਸੰ: ੧੭੬੫ ਬਿ: ਨੂੰ ਕੌਤਕ ਰਚਾਕੇ ਅਲੋਪ ਹੋ ਗਏ । ਰਹਿਤਨਾਮੇ ਦਾ ਕਰਤਾ ਸੰ: ੧੭੫੨ ਬਿਕ੍ਰਮੀ ਨੂੰ ਆਪਣੇ ਰਹਿਤਨਾਮੇ ਵਿਚ, ਗੁਰੂ ਮਾਨੀਓ ਗਰੰਥ' ਲਿਖਕੇ ਗੁਰੂ ਗਰੰਥ ਨੂੰ ਗੁਰ ਗੱਦੀ ਦੇਣੀ ਲਿਖਦਾ ਹੈ, ਸ੍ਰੀ ਗਰੰਥ ਸਾਹਿਬ ਵਿੱਖੇ ਸੰ: ੧੭੬੩ ਵਿਚ ਰਹਿਤਨਾਮਾ ਬਣਿਆ, ਸੰ: ੧੭੫੨ ਵਿਚ ਦਮਦਮੀ ਬੀੜ ਤਿਆਰ ਹੋਨ ਤੋਂ ੧੧ ਸਾਲ ਪਹਿਲਾਂ ਕੇਹੜੀ ਬੀੜ ਨੂੰ ਗਰਿਆਈ ਦਿਤੀ ? ਇਸਤੋਂ ਬਿਨਾ ਇਹ ਰਹਿਤਨਾਮਾ ਤਾਂ ਸ੍ਰੀ ਕਲਗੀਧਰ ਜੀ ਦੇ ਖਾਲਸਾ ਪੰਥ ਰਚਨ ਤੇ ਵੀ ੪ ਸਾਲ ਪਹਿਲਾਂ ਦਾ ਤਿਆਰ ਹੋਯਾ ਹੋਯਾ ਹੈ । ਓਨ੍ਹਾਂ ਦਿਨਾਂ ਵਿਚ, ਕੇਹੜੇ ਖਾਲਸੇ ਨੂੰ ਰਹਿਤ ਦਸਣ ਦੀ ਲੋੜ ਪਈ ? ਤੇ ਕਦੋਂ ਗੁਰੂ ਜੀ ਅਬਚਲ ਨਗਰ ਪੁਜੇ ? "ਝੂਠੋ ਝੂਠ ਚੁਤਾਲ ਸੋ" ਦੀ ਕਹਾਵਤ ਅਨੁਸਾਰ, ਏਹਨਾਂ ਦੋਹਰਿਆਂ ਤੇ ਰਹਿਤਨਾਮੇ ਦਾ ਪੋਲ ਚੰਗੀ ਤਰਾਂ ਖੁਲ੍ਹ ਚੁਕਾ ਹੈ, ਹੁਣ ਅਸੀਂ ਇਸਤੇ ਹੋਰ ਕੁਝ ਵਧੀਕ ਨਹੀਂ ਲਿਖਣਾ ਚਾਂਹਦੇ ਤੇ ਅਸਲ ਗਲ ਦਸਕੇ ਇਸ ਲੇਖ ਨੂੰ ਸਮਾਪਤ ਕਰਦੇ ਹਾਂ ।

★

ਭੈਣਾਂ ਦਾ ਪੰਨਾ

ਸਿਖ ਫੈਸ਼ਨ ਪ੍ਰਸਤੀ ਦੇ ਵਹਿਣ ਵਿਚ ਵਹਿ ਕੇ ਬੇਦਾਵਾ ਦੇ ਰਹੇ ਹਨ

ਸਵਰਗੀ ਮਾ: ਤਾਰਾ ਸਿੰਘ ਜੀ ਦੀ ਸਪੁਤਰੀ ਡਾ: ਰਾਜਿੰਦਰ ਕੌਰ ਐਮ.ਏ.ਪੀ.ਐਚ.ਡੀ.

ਬੀਬੀਆਂ ਪੰਥ ਵਿਚ ਇਕ ਨਰੋਆ ਅੰਗ ਹਨ ਜਿਹਨਾਂ ਵਿਚ ਗੁਰੂ ਪ੍ਰਤੀ ਸ਼ਰਧਾ ਤੇ ਪਿਆਰ ਅਥਾਹ ਹੈ। ਅਜ ਵੀ ਕਿਸੇ ਗੁਰਦੁਆਰੇ ਵਿਚ ਸਵੇਰ ਸਮੇਂ ਵੇਖੋ ਤਾਂ ਬੀਬੀਆਂ ਦੀ ਗਿਣਤੀ ਸਿੰਘਾਂ ਨਾਲੋਂ ਜ਼ਿਆਦਾ ਹੁੰਦੀ ਹੈ। ਸਿਖ ਧਰਮ ਦੇ ਇਤਿਹਾਸ ਵਿਚ ਵੀ ਬੀਬੀਆਂ ਨੂੰ ਪ੍ਰਧਾਨ ਸਥਾਨ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਦੀ ਪਹਿਲੀ ਸਿਖ ਵੀ ਉਹਨਾਂ ਦੀ ਭੈਣ ਬੇਬੇ ਨਾਨਕੀ ਵੀ ਇਕ ਬੀਬੀ ਸੀ। ਉਸ ਤੋਂ ਬਾਅਦ ਜਦੋਂ ਵੀ ਧੀਰ-ਮਲੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਸਾਹਿਬ ਮਥਾ ਨਹੀਂ ਟੇਕਣ ਦਿਤਾ ਸੀ, ਤਾਂ ਵੀ ਅੰਮ੍ਰਿਤ-ਸ਼ਰ ਦੀਆਂ ਮਾਈਆ ਨੇ ਗੁਰੂ ਪ੍ਰਤੀ ਆਪਣੀ ਸ਼ਰਧਾ ਵਿਖਾ ਗੁਰੂ ਜੀ ਤੋਂ 'ਮਾਈਆਂ ਰਬ ਰਜਾਈਆਂ' ਦਾ ਖਿਤਾਬ ਲੈ ਲਿਆ ਸੀ। ਸਿਖ ਇਤਿਹਾਸ ਵਿਚ ਬੀਬੀਆਂ ਲਈ ਸਭ ਤੋਂ ਵਧ ਫਖਰ ਵਾਲੀ ਗਲ ਹੈ ਜਦੋਂ ਉਹਨਾਂ ਨੇ ਸਿਖ ਇਤਿਹਾਸ ਨੂੰ ਕਲੰਕਤ ਹੋਣ ਤੋਂ ਬਚਾ ਲਿਆ ਸੀ। ਮਾਝੇ ਦੇ ਸਿੰਘਾਂ ਨੂੰ ਬੇਦਾਵਾ ਪੜਵਾਉਣ ਲਈ ਆਪਣਾ ਸਿਰ ਦੇਣ ਉਤੇ ਮਜ਼ਬੂਰ ਕਰ ਦਿਤਾ ਸੀ ਇਹਨਾਂ ਸਿਰ ਦੇ ਕੇ ਬੇਦਾਵਾ ਪੜਵਾਉਣ ਵਾਲਿਆਂ ਦੀ ਮੁਖੀ ਵੀ ਇਕ ਬੀਬੀ ਸੀ, ਜੋ ਕਿ ਮਾਈ ਭਾਗੋ ਦੇ ਨਾਮ ਉਤੇ ਪ੍ਰਸਿਧ ਹੈ।

ਅਜ਼ ਭੀ ਇੰਞ ਭਾਸ ਰਿਹਾ ਹੈ ਕਿ ਸਾਡੇ ਭਰਾ ਗੁਰੂ ਨੂੰ ਕਿਸੇ ਜੰਗ ਦੀ ਮੁਸ਼ੀਬਤ ਤੋਂ ਡਰ ਕੇ ਨਹੀਂ ਸਗੋਂ ਫੈਸ਼ਨ-ਪ੍ਰਸਤੀ ਦੇ ਵਹਿਣ ਵਿਚ ਵਹਿ ਕੇ ਗੁਰੂ ਨੂੰ ਬੇਦਾਵਾ ਦੇ ਰਹੇ ਹਨ। ਅਜ ਇਹ ਬੇਦਾਵਾ ਗੁਰੂ ਦੀ ਜੇਬ ਵਿਚ ਨਹੀਂ ਪਿਆ ਹੋਇਆ, ਸਗੋਂ ਸਿਖਾ ਦੇ ਮੂੰਹ ਉਤੇ ਲਿਖਿਆ ਹੋਇਆ ਹੈ, ਜੋ ਸਿਖ ਦਾਹੜੀ ਕਟਾਉਂਦਾ ਹੈ, ਉਹ ਇਸ ਤਰ੍ਹਾਂ ਲਗਦਾ ਹੈ ਕਿ ਗੁਰੂ ਤੋਂ ਬੇਮੁੱਖ ਹੋ ਕੇ ਸ਼ਰਮ ਵੀ ਮਹਿਸੂਸ ਨਹੀਂ ਕਰ ਰਿਹਾ, ਕੇਸ ਗੁਰੂ ਦੀ ਮੋਹਰ ਹਨ। ਇਸ ਨੂੰ ਤੋੜਨ ਵਾਲਾ ਗੁਰੂ ਤੋਂ ਬੇਮੁਖ ਹੈ। ਪਰ ਅਫਸੋਸ ਇਸ ਗਲ ਦਾ ਹੈ ਕਿ ਇਸ ਬੇਮੁਖਤਾ ਤੋਂ ਤੇ ਇਸ ਪਤਿਤਪੁਣੇ ਤੋਂ ਸਾਡੇ ਭਰਾ ਬਿਲਕੁਲ ਬੇਖਬਰ ਹਨ। ਇਸ ਪਤਿਤਪੁਣੇ ਦੀ ਲਹਿਰ ਵਿਚ ਬੀਬੀਆਂ ਵੀ

ਵਹਿ ਤੁਰੀਆਂ ਹਨ । ਜੇ ਸਿਖ ਦਾਹੜੀ ਕਟਾ ਰਹੇ ਹਨ ਤਾਂ ਬੀਬੀਆਂ ਅੱਖਾਂ ਦੇ ਭਰੱਵਟੇ ਕਟ ਕੇ ਰੋਮਾਂ ਦੀ ਬੇ-ਅਦਬੀ ਕਰਨ ਵਿਚ ਸ਼ਾਮਲ ਹੋ ਰਹੀਆਂ ਹਨ । ਰਹਿਤ-ਨਾਮਿਆਂ ਵਿਚ ਸਪਸ਼ਟ ਵਰਨਣ ਹੈ ਕਿ ਰੋਮਾਂ ਦੀ ਬੇ-ਅਦਬੀ ਕਰਨ ਵਾਲਾ ਪਤਿਤ ਹੈ, ਪਰ ਸਾਡੀਆ ਭੈਣਾਂ ਫੈਸ਼ਨ ਦੇ ਵਹਿਣ ਵਿਚ ਰੁੜ੍ਹ ਰਹੀਆਂ ਹਨ ।

ਜੇ ਕੋਈ ਸਿਖ ਸੁਧਰ ਜਾਵੇ ਤਾਂ ਉਹ ਇਕੱਲਾ ਸਧਾਰਦਾ ਹੈ, ਪਰ ਇਕ ਬੀਬੀ ਸੁਧਰ ਜਾਵੇ ਤਾਂ ਉਹ ਸਾਰਾ ਖਾਨਦਾਨ ਸੁਧਰ ਜਾਂਦਾ ਹੈ । ਇਸ ਕਰਕੇ ਇਸ ਵਕਤ ਬੀਬੀਆਂ ਵਿਚ ਸੁਧਾਰ ਲਹਿਰ ਕਲਾਉਣ ਦੀ ਲੋੜ ਹੈ, ਜਿਸ ਨਾਲ ਕਿ ਪੰਥ ਚੜ੍ਹਦੀ ਕਲਾ ਵਲ ਜਾ ਸਕਦਾ ਹੈ । ਕੁਦਰਤੀ ਤੌਰ ਉਤੇ ਬੀਬੀਆਂ ਵਿਚ ਰਬ ਦਾ ਡਰ ਤੇ ਧਰਮ ਜ਼ਿਆਦਾ ਹੁੰਦਾ ਹੈ ।

ਥੋੜ੍ਹੀ ਪ੍ਰੇਰਨਾ ਨਾਲ ਹੀ ਉਹ ਸਿਧੇ ਰਸਤੇ ਉਤੇ ਆ ਸਕਦੀਆਂ ਹਨ ਅਤੇ ਅਗੋਂ ਉਹ ਆਪਣੇ ਸਾਰੇ ਹੀ ਖਾਨਦਾਨ ਨੂੰ ਸੁਧਾਰਨ ਦਾ ਬੀੜਾ ਚੁੱਕ ਸਕਦੀਆਂ ਹਨ ।

ਸਿਖ ਧਰਮ ਤੇ ਇਤਿਹਾਸ ਵਿਚ ਭਾਵੇਂ ਬੀਬੀਆਂ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ, ਪਰ ਪੰਥਕ ਜ਼ਿੰਦਗੀ ਵਿਚ ਬੀਬੀਆਂ ਦੀ ਕੋਈ ਪੁਛ ਪ੍ਰਤੀਤ ਨਹੀਂ, ਅਜ ਦੀ ਬੀਬੀ ਪੂਰੀ ਤਰ੍ਹਾਂ ਚੇਤੰਨ ਹੈ, ਉਸ ਨੂੰ ਆਪਣੀ ਹੋਂਦ ਉਤੇ ਮਾਣ ਹੈ, ਅਤੇ ਆਪਣੇ ਹਕਾਂ ਦਾ ਪਤਾ ਹੈ । ਉਹਨਾਂ ਵਿਚ ਜਾਗਰਤੀ ਹੈ । ਵਿਦਿਆ ਉਹਨਾਂ ਵਿਚ ਤੇਜ਼ੀ ਨਾਲ ਵਧ ਰਹੀ ਹੈ । ਅਜ ਲੋੜ ਹੈ ਬੀਬੀਆਂ ਦਾ ਧਾਰਮਿਕ ਭਾਵ ਤੇ ਨਵੀਂ ਜਾਗਰਤੀ ਨੂੰ ਇਕੱਠਾ ਕਰਕੇ ਨਵਾ ਇਨਕਲਾਬ ਲਿਆਉਣ ਦੀ । ਇਸ ਇਨਕਲਾਬ ਨਾਲ ਪੰਥ ਦੀ ਚੜ੍ਹਦੀ ਕਲਾ ਸਿਖਰ ਤਕ ਪੁਜਾਈ ਜਾ ਸਕਦੀ ਹੈ ਅਤੇ ਬੀਬੀਆਂ ਆਪਣੇ ਹਕ ਵੀ ਪ੍ਰਾਪਤ ਕਰ ਸਕਦੀਆਂ ਹਨ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਲਾਏ ਹੋਏ ਪੰਥ ਵਿਚ ਇਹ ਗਿਰਾਵਟ ਵਕਤੀ ਹੀ ਹੈ ਜੋ ਕਿ ਹਰ ਕੌਮ ਦੇ ਇਤਿਹਾਸ ਵਿਚ ਆਉਂਦੀ ਹੀ ਹੈ, ਉਸ ਨੇ ਜ਼ਰੂਰ ਪੰਥ ਨੂੰ ਚੜ੍ਹਦੀ ਕਲਾ ਵਿਚ ਖੜਨਾ ਹੈ । ਜੇ ਅਸੀਂ ਬੀਬੀਆਂ ਜਥੇਬੰਦ ਹੋ ਕੇ ਪੰਥ ਦੀ ਚੜ੍ਹਦੀ ਕਲਾ ਲਈ ਉਪਰਾਲਾ ਕਰੀਏ ਤਾਂ ਗੁਰੂ ਸਾਡੀ ਪਿੱਠ ਉਤੇ ਜ਼ਰੂਰ ਹੱਥ ਰਖੇਗਾ ਅਤੇ ਪੰਥ ਵਿਚ ਨਵੀਂ ਜਾਗਰਤੀ ਲਿਆ-ਉਣ ਦਾ ਸਿਹਰਾ ਸਾਡੇ ਸਿਰ ਹੋਵੇਗਾ । ਅਸੀਂ ਆਪਣੀ ਸਿਖੀ ਨਿਭਾਈਏ, ਗੁਰੂ ਆਪਣੀ ਗੁਰਿਆਈ ਜ਼ਰੂਰ ਨਿਭਾਵੇਗਾ, ਕਮਜ਼ੋਰੀ ਸਾਡੇ ਵਿਚ ਹੈ, ਜੇ ਅਸੀਂ ਜਥੇਬੰਦ ਹੋ ਕੇ ਉਪਰਾਲਾ ਕਰੀਏ ਤਾਂ ਅਸੀਂ ਪੰਥ ਵਿਚ ਧਾਰਮਿਕ ਤੇ ਸਮਾਜਕ ਪ੍ਰਵਰਤਨ ਵੀ ਲਿਆ ਸਕਦੇ ਹਾਂ ਅਤੇ ਇਸਦੇ ਨਾਲ ਆਪਣੇ ਹਕਾਂ ਦੀ ਵੀ ਰਾਖੀ ਕਰ ਸਕਦੇ ਹਾਂ । ਬੀਬੀਆਂ ਨੂੰ ਜਥੇਬੰਦ ਕਰਕੇ ਨਵੀਂ ਜਾਗਰਤੀ ਲਿਆਉਣੀ ਅਤੇ ਉਹਨਾਂ ਦੇ ਹਕਾਂ ਲਈ ਜਦੋ-ਜਹਿਦ ਕਰਨਾ ਹੀ ਸਾਡਾ ਮਨੋਰਥ ਹੈ ।

—ਹਰ ਨਵੀਂ ਜਿਤ ਮੰਜ਼ਿਲ ਤੇ ਚੜ੍ਹਾਏ ਜਾਣ ਵਾਲੇ ਫੁਲਾਂ ਦਾ ਸ਼ਿੰਗਾਰ ਬਣਦੀ ਹੈ ।

—ਸੁਖਵਿੰਦਰ ਸਿੰਘ

ਬਾਬਾਣੀਆਂ ਕਹਾਣੀਆਂ

●ਸੁਖਵਿੰਦਰ ਸਿੰਘ ਫੁਲ

ਅਸੀਂ ਸੁਣਿਆ ਕਰਦੇ ਸਾਂ ਕਿ ਕੰਜਰੀਆਂ ਜਾਂ ਵੇਸਵਾਵਾਂ ਆਪਣੀ ਰੋਜ਼ੀ ਲਈ ਨਚਿਆ ਕਰਦੀਆਂ ਹਨ ਪਰ ਅਜ ਦੁਖ ਉਦੋਂ ਹੁੰਦਾ ਹੈ ਜਦੋਂ ਪੜ੍ਹੇ ਲਿਖੇ ਪਰਿਵਾਰਾਂ ਦੀਆਂ ਧੀਆਂ-ਨੂੰਹਾਂ ਸਟੇਜਾਂ ਤੇ ਡਾਨਸ ਕਰਦੀਆਂ ਹਨ। ਕਿਹਾ ਜਾਂਦਾ ਹੈ ਕਿ ਇਹ ਮਾਡਰਨ (ਆਧੁਨਿਕ) ਯੁੱਗ ਹੈ ਇਸ ਲਈ ਨੱਚਣਾ ਕੋਈ ਬੁਰੀ ਗੱਲ ਨਹੀਂ, ਇਹ ਕੋਮਲ ਕਲਾ ਹੈ, ਸ਼ਿੰਗਾਰ ਕਲਾ ਹੈ। ਪਰ......

ਇਸ ਤੋਂ ਵਧੇਰੇ ਇਹ ਕਾਮ ਵਾਸ਼ਨਾ ਪੈਦਾ ਕਰਨ ਵਾਲੀ ਕਲਾ ਹੈ। ਸਾਫ ਸਾਫ ਸ਼ਬਦਾਂ ਵਿਚ ਇਹ ਜੁਆਨੀ ਨੂੰ ਤਬਾਹ ਕਰਨ ਵਾਲੀ ਕਲਾ ਹੈ।

ਸਭਿਅਤਾ, ਸ਼ਰਮ, ਸਮਾਜ ਤਿੰਨਾਂ ਦਾ ਪਤਨ ਕਰਨ ਤੇ ਤੁਲੀ ਹੋਈ ਇਸ ਕਲਾ ਨੂੰ ਪਿਆਰ ਕਰਨ ਵਾਲੇ ਮਾਡਰਨ ਭੈਣੋ ਤੇ ਭਰਾਵੋ! ਆਪਣੇ ਦੇਸ਼ ਦੀ ਸੰਸਕ੍ਰਿਤੀ ਨੂੰ ਤਿਲਾਂਜਲੀ ਨਾ ਦਿਓ।

ਸਾਡਾ ਗਰੀਬ ਦੇਸ਼ ਇਸ ਵੇਲੇ ਹੋਰ ਵਧੇਰੇ ਗਰੀਬੀ ਦੇ ਦੌਰ ਵਿਚੋਂ ਲੰਘ ਰਿਹਾ ਹੈ। ਸਾਨੂੰ ਆਪਣੀਆਂ ਸਮਸਿਆਵਾਂ ਹੱਲ ਕਰਨ ਲਈ ਦੂਜੇ ਸਰਮਾਏਦਾਰ ਮੁਲਕਾਂ ਅਗੇ ਝੋਲੀਆਂ ਅੱਡਣੀਆਂ ਪੈ ਰਹੀਆਂ ਹਨ। ਪਰ 'ਮਾਂ ਫਿਰੇ ਫੋਸੀ ਫੋਸੀ ਤੇ ਪੁੱਤ ਫਿਰੇ ਗੁਹਾਰੇ ਬਖਸ਼ਣ' ਨੂੰ ਅਨੁਸਾਰ ਸਾਡੀ ਭਾਰਤ ਮਾਂ ਦੀਆ ਲਾਡਲੀਆਂ ਧੀਆਂ ਪਾਉਡਰ, ਕਰੀਮਾਂ, ਲਿਪਸਟਿਕਾਂ ਤੇ ਨਹੁੰ ਪਾਲਸ਼ਾਂ ਤੇ ਦੂਜੀਆਂ ਫੈਸ਼ਨ ਕਰਨ ਦੀਆਂ ਚੀਜ਼ਾਂ ਤੇ ਲੱਖਾਂ, ਕਰੋੜਾਂ ਰੁਪਏ ਬਰਬਾਦ ਕਰ ਰਹੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਜੇ ਨਹੁੰ, ਬੁੱਲ ਜਾਂ ਮੂੰਹ ਨਾ ਰੰਗਿਆ ਜਾਵੇਗਾ ਤਾਂ ਕਿਹੜੀ ਆਫਤ ਆਉਣ ਲੱਗੀ ਹੈ?

ਫੈਸ਼ਨਦਾਰ ਮਹਿੰਗੇ ਕਪੜੇ, ਸਾੜੀਆਂ ਬਲਾਉਜ਼ ਤੇ ਅਧਨੰਗੇ ਸਰੀਰ ਦਾ ਵਿਖਾਵਾ ਕਰਨ ਲਈ ਬਾਜ਼ਾਰਾਂ, ਕੱਲਬਾਂ ਵਿਚ ਘੁੰਮਣਾ—ਇਹ ਸਭ ਕੁਝ ਲੋਕਾਂ ਦੀਆਂ ਨਜਰਾਂ ਆਪਣੇ ਸਜਾਵਟ ਵਾਲੇ ਅਧਨੰਗੇ ਸਰੀਰ ਵੱਲ ਖਿਚਣ ਲਈ ਹੀ ਤਾਂ ਹੈ।

ਇਹ ਹੈ ਭਾਰਤ ਮਾਂ ਦੀ ਮਾਡਰਨ ਧੀ ਜੋ ਆਪਣੇ ਪਵਿਤਰ ਭਾਰਤੀ ਇਤਿਹਾਸ ਤੋਂ ਅਨਜਾਣ ਬਣੀ ਬੈਠੀ ਹੈ। ਭਾਰਤ ਦਾ ਇਤਿਹਾਸ ਗਵਾਹ ਹੈ ਉਨ੍ਹਾਂ ਬੀਬੀਆਂ ਲਈ ਜਿਨ੍ਹਾਂ ਸ਼ਰਮ, ਸਮਾਜ, ਤੇ ਸਭਿਅਤਾ ਨੂੰ ਡਿਗਣ ਨਹੀਂ ਦਿਤਾ।

ਇੰਦੋਰ ਦਾ ਰਾਜਾ ਮਲਿਹਾਰ ਰਾਓ ਹੋਲਕਰ ਗੁਜਰਾਤ ਵਿਚ ਪੈਦਾ ਹੋਏ ਵਿਦਰੋਹ ਨੂੰ ਸ਼ਾਂਤ ਕਰਨ ਪੂਨੇ ਜਾ ਰਿਹਾ ਸੀ। ਰਸਤੇ ਵਿਚ ਇਕ ਸ਼ਿਵ ਮੰਦਰ ਵਿਚ ਰਾਤ ਕੱਟੀ ਤੇ ਉਥੇ ਉਸ ਨੇ ਆਨੰਦ ਰਾਓ ਦੀ

ਸੁੰਦਰ, ਸੁਸ਼ੀਲ, ਸੁਘੜ-ਸਿਆਣੀ ਪੁੱਤਰੀ ਅਹਿਲਿਆ ਦੇਖੀ ਤੇ ਉਸ ਦਾ ਆਪਣੇ ਪੁੱਤਰ ਖੰਡੋ ਰਾਉ ਨਾਲ ਵਿਆਹ ਕਰ ਦਿਤਾ।

ਅਹਿਲਿਆ ਧਾਰਮਿਕ ਵਿਚਾਰਾਂ ਵਾਲੀ ਹੋਣ ਕਰਕੇ ਹੰਕਾਰ ਤੋਂ ਬਿਲਕੁਲ ਨਿਰਲੇਪ ਸੀ। ਇਕ ਲੜਕੀ ਤੇ ਇਕ ਲੜਕੇ ਦੇ ਜਨਮ ਤੋਂ ਜਲਦੀ ਬਾਅਦ ਹੀ ਖੰਡੋ ਰਾਓ ਦੀ ਮੌਤ ਹੋ ਗਈ। ਸੱਸ- ਸਹੁਰੇ ਦੇ ਜ਼ੋਰ ਦੇਣ ਤੇ ਰਾਜ-ਪ੍ਰਬੰਧ ਕਰਨ ਲਈ ਅਹਿਲਿਆ ਕੁਲ ਦੀ ਪ੍ਰੰਪਰਾ ਅਨੁਸਾਰ ਆਪਣੇ ਪਤੀ ਨਾਲ ਜਤੀ ਨਹੀਂ ਹੋਈ ਬਲਕਿ ਰਾਜ-ਪ੍ਰਬੰਧ ਨੂੰ ਬੜੀ ਚੰਗੀ ਤਰ੍ਹਾਂ ਚਲਾਇਆ। ਜਦੋਂ ਅਹਿਲਿਆ ਦਾ ਸਹੁਰਾ ਮਲਹਾਰ ਰਾਓ ਚੱਲ ਵਸਿਆ ਤਾਂ ਅਹਿਲਿਆ ਦਾ ਲੜਕਾ ਮਾਲੇ ਰਾਓ ਗੱਦੀ ਤੇ ਬੈਠਾ ਪਰ ਉਹ ਬਹੁਤ ਨਾਲਾਇਕ ਅਤੇ ਜ਼ਾਲਮ ਸੀ। ਜਿਨ੍ਹਾਂ ਵਿਦਵਾਨਾਂ, ਪੁਜਾਰੀਆਂ ਤੇ ਯੋਗ-ਪੁਰਸ਼ਾਂ ਦਾ ਮਾਂ ਸਤਿਕਾਰ ਕਰਦੀ ਹੁੰਦੀ ਸੀ, ਪੁੱਤਰ ਉਹਨਾਂ ਦੀ ਹੀ ਬੇਇਜ਼ਤੀ ਕਰਨ ਲਗਾ ਪਰ 'ਹਰਿ ਜੀ ਹੰਕਾਰ ਨ ਭਾਵਈ' ਅਨੁਸਾਰ ਪ੍ਰਮਾਤਮਾਂ ਨੇ ਉਸ ਨੂੰ ਹੋਰ ਜ਼ੁਲਮ ਕਰਨ ਦੀ ਆਗਿਆ ਨਾ ਦਿਤੀ ਤੇ ਉਹ ਕਾਲ ਵਸ ਹੋ ਗਿਆ। ਰਾਜ-ਪ੍ਰਬੰਧ ਦਾ ਬੋਝ ਫਿਰ ਮਾਂ ਉਪਰ ਆ ਪਿਆ।

ਇਕ ਬਾਗੀ ਰਘੁਨਾਥ ਰਾਓ ਬਹੁਤ ਸ਼ੈਤਾਨ ਸੀ। ਉਸ ਨੇ ਇੰਦੌਰ-ਰਾਜ ਉੱਪਰ ਕਬਜ਼ਾ ਕਰਨ ਦੀ ਵਿਉਂਤ ਬਣਾ ਕੇ ਚੜ੍ਹਾਈ ਕਰ ਦਿਤੀ ਪਰ ਅਹਿਲਿਆ ਦੇ ਮਜ਼ਬੂਤ ਰਾਜ-ਪ੍ਰਬੰਧ ਨੂੰ ਦੇਖਕੇ ਹੈਰਾਨ ਤੇ ਸ਼ਰਮਿੰਦਾ ਹੋ ਕੇ ਵਾਪਸ ਮੁੜ ਗਿਆ।

ਅਹਿਲਿਆ ਇਕ ਦੇਵੀ ਸੀ। ਉਸ ਵਿਚ ਸੱਚ ਖਿਮਾ, ਦਇਆ, ਧਰਮ ਤੇ ਤਰਸ ਦੇ ਸਾਰੇ ਗੁਣ ਸਨ, ਤੀਰਥਾਂ ਉਤੇ ਧਰਮਸ਼ਾਲਾਵਾਂ ਬਣਵਾਈਆਂ, ਖੂਹ ਲਗਵਾਏ ਤੇ ਜੋ ਵੀ ਕੰਮ ਕੀਤਾ ਸਿਰਫ ਜਨਤਾ ਦੀ ਭਲਾਈ ਲਈ। ਜਨਤਾ ਦੇ ਪੈਸੇ ਨੂੰ ਐਸ਼-ਪ੍ਰਸਤੀਆਂ ਜਾਂ ਜੰਗਾਂ-ਯੁਧਾਂ ਵਿਚ ਬਰਬਾਦ ਨਹੀਂ ਕੀਤਾ। ਇਕ ਵਾਰ ਰਘੁ-ਨਾਥ ਰਾਓ ਕਿਸੇ ਜੰਗ ਲਈ ਦੇਵੀ ਅਹਿਲਿਆ ਪਾਸੋਂ ਮਦਦ ਮੰਗਣ ਆਇਆ ਤਾਂ ਦੇਵੀ ਨੇ ਝੱਟ ਜੁਆਬ ਦਿਤਾ, "ਜਨਤਾ ਦਾ ਪੈਸਾ ਮੈਂ ਜੰਗਾਂ ਲਈ ਸਹਾਇਤਾ ਦੇ ਰੂਪ ਵਿਚ ਨਹੀਂ ਦੇ ਸਕਦੀ। ਤੁਸੀਂ ਬ੍ਰਾਹਮਣ ਬਣਕੇ ਆਵੋ, ਮੈਂ ਦਾਨ ਦੇ ਦਿਆਂਗੀ।" ਵਿਚਾਰਾ ਰਘੁਨਾਥ ਸ਼ਰਮਿੰਦਾ ਹੋ ਗਿਆ। ਅੰਤ ਇਹ ਦੇਵੀ ਸੱਠ ਸਾਲ ਦੀ ਉਮਰ 'ਚ ਬਾਰਾਂ ਹਜ਼ਾਰ ਬ੍ਰਾਹਮਣਾਂ ਨੂੰ ਭੋਜਨ ਛਕਾ ਕੇ, ਅਸ਼ੀਰਵਾਦ ਲੈ ਕੇ ਪ੍ਰਭੂ ਦੇ ਚਰਨਾਂ ਵਿਚ ਜਾ ਵਿਰਾਜੀ।

ਦੇਵੀ ਸ਼ਾਰਦਮਣੀ

ਇਸ ਦੇਵੀ ਦਾ ਜਨਮ ਬੰਗਾਲ ਦੇ ਬਾਂਕੜਾ ਜਿਲੇ ਵਿਚ ਜੈਰਾਅਬਾਦੀ ਨਾਂ ਦੇ ਪਿੰਡ ਵਿਚ ਇਕ ਗਰੀਬ ਪਰ ਧਾਰਮਿਕ ਵਿਚਾਰਵਾਨ ਬ੍ਰਾਹਮਣ ਦੇ ਘਰ ਹੋਇਆ। ਇਸ ਦਾ ਵਿਆਹ ਛੇ ਸਾਲ ਦੀ ਉਮਰ ਵਿਚ ਹੀ ਸਵਾਮੀ ਰਾਮ ਕਿਸ਼ਨ ਪਰਮਹੰਸ ਨਾਲ ਹੋ ਗਿਆ।

ਸੁਆਮੀ ਜੀ ਆਪਣੀ ਆਤਮਕ-ਵਿਦਿਆ ਦੀ ਪੂਰਤੀ ਲਈ ਦਖਣੇਸ਼ਵਰ ਚਲੇ ਗਏ ਤੇ ਪਿਛੋਂ ਇਹ ਦੇਵੀ ਆਪਣੇ ਪੇਕੇ ਆ ਗਈ। ਪਰ ਮਨ ਹਮੇਸ਼ਾ ਬੇਚੈਨ ਰਹਿੰਦਾ ਸੀ।

ਇਕ ਵਾਰ ਕੁਝ ਵਿਅਕਤੀ ਦਖਣੇਸ਼ਵਰ ਵੱਲ ਜਾ ਰਹੇ ਸਨ। ਜਦੋਂ ਇਸ ਗਲ ਦੀ ਭਿਣਕ ਇਸ ਦੇਵੀ ਨੂੰ ਮਿਲੀ, ਹੋ ਗਈ ਤਿਆਰ ਪਤੀ ਦੇ ਦਰਸ਼ਨਾਂ ਲਈ। ਰਸਤੇ ਵਿਚ ਬੁਖਾਰ ਚੜ੍ਹ ਗਿਆ। ਸਾਥੀ ਅੱਗੇ ਲੰਘ ਗਏ ਪਰ ਭਾਰਤ-ਮਾਂ ਦੀ ਸ਼ੇਰਨੀ ਧੀ ਨੇ ਹੌਂਸਲਾ ਨਾ ਹਾਰਿਆ ਤੇ ਜੰਗਲਾਂ ਨੂੰ ਚੀਰਦੀ ਆਪਣੇ ਠਿਕਾਣੇ ਵਲ ਵਧਦੀ ਗਈ। ਰਸਤੇ ਵਿਚ ਡਾਕੂਆਂ ਨੇ ਘੇਰ ਲਈ ਪਰ ਸ਼ਾਰਦਾ ਵੀ ਤਾਂ ਧਾਰਮਿਕ ਵਿਚਾਰਾਂ ਵਾਲੀ ਦੇਵੀ ਸੀ। ਉਸ ਨੂੰ ਦਸਿਆ ਗਿਆ ਸੀ ਕਿ ਹਰ ਛੋਟੇ ਤੇ ਹਾਣ ਦੇ ਵਿਅਕਤੀ ਨੂੰ ਭਰਾ ਤੇ ਵਡੇ ਨੂੰ ਪਿਤਾ ਸਾਮਾਨ ਸਮਝਣਾ ਹੈ ਤੇ ਝੱਟ ਬੋਲ ਉਠੀ, "ਕੀ ਗੱਲ ਹੈ ਬਾਪੂ ?" ਬਾਪੂ ਸ਼ਬਦ ਦੀ ਤੇਜ਼ ਧਾਰ ਨੇ ਡਾਕੂ ਦਾ ਬਲ ਟੁਕੜੇ ਟੁਕੜੇ ਕਰ ਦਿਤਾ। ਇਕ ਨਿਸੰਤਾਨ ਵਿਅਕਤੀ ਨੂੰ ਇਕ ਧੀ

ਮਿਲ ਗਈ ਸੀ ! ਧੀਆਂ ਵਾਲੇ ਪਿਆਰ ਨਾਲ ਸ਼ਾਰਦਾ ਨੂੰ ਵਿਦਾ ਕੀਤਾ ਤੇ ਰਖਵਾਲੀ ਲਈ ਨਾਲ ਬੰਦੇ ਭੇਜੇ ।

ਮਾਂ ਸ਼ਾਰਦਾ ਮਣੀ ਪਹੁੰਚ ਗਈ ਆਪਣੇ ਸੁਆਮੀ ਪਾਸ ਪਰ ਉਥੇ ਜਾ ਕੇ ਸੁਆਮੀ ਜੀ ਲਈ ਕੋਈ ਸਮਸਿਆ ਨਹੀਂ ਬਣੀ । ਬਲਕਿ ਸੁਆਮੀ ਜੀ ਨੇ ਤਾਂ ਇਥੋਂ ਤੱਕ ਕਿਹਾ, "ਜੇ ਕਰ ਸ਼ਾਰਦਾ ਦੇਵੀ ਇੰਨੀ ਭੋਲੀ ਨਾ ਹੁੰਦੀ, ਕਾਮ ਰਹਿਤ-ਵਿਚਾਰਾਂ ਵਾਲੀ ਹੋ ਕੇ ਮੇਰੇ ਨਿਸ਼ਾਨੇ ਨੂੰ ਨਾ ਸਮਝਣ ਵਾਲੀ ਹੁੰਦੀ ਤਾਂ ਮੈਂ ਸੰਜਮ ਦਾ ਜੀਵਨ ਧਾਰਨ ਕਰਕੇ ਦੇਵ-ਬੁੱਧੀ ਵਾਲਾ ਨਹੀਂ ਸੀ ਬਣ ਸਕਦਾ ।

ਆਓ, ਅਸੀਂ ਇਨ੍ਹਾਂ ਪਵਿਤਰ ਆਤਮਾਵਾਂ ਤੋਂ ਕੋਈ ਸਿੱਖਿਆ ਲਈਏ ਤੇ ਇਸ ਅਖੌਤੀ ਮਾਡਰਨ ਯੁਗ ਦੀ ਦੇਣ-ਫੈਸ਼ਨ ਤੇ ਦਿਖਾਵੇ ਨੂੰ ਤਿਆਗ ਕੇ ਦਇਆ, ਦਮਨ ਤੇ ਦਾਨ ਦੇ ਨਿਯਮ ਨੂੰ ਅਪਨਾਈਏ ।

●

ਸ਼ੋਕ ਸਮਾਚਾਰ

ਸੰਤ ਨਿਸ਼ਚਲ ਸਿੰਘ ਜੀ ਡੇਰਾ ਸੰਤ ਪੁਰਾ ਯਮੁਨਾ ਨਗਰ ਵਾਲੇ ਜੋ ਕਿ ੬8 ਸਾਲ ਦੀ ਆਯੂ ਭੋਗ ਕੇ ਇਸ ਸੰਸਾਰ ਯਾਤਰਾ ਨੂੰ ਪੂਰਾ ਕਰ ਗਏ ਹਨ । ਉਹਨਾਂ ਨੇ ਸਾਰੀ ਆਯੂ ਲੋਕ ਹਿਤ ਲਈ ਹੀ ਲਾਈ । ਲੜਕੀਆਂ ਤੇ ਲੜਕਿਆਂ ਲਈ ਇਕ ੨ ਸਕੂਲ ਤੇ ਇਕ ੨ ਕਾਲਜ ਖੋਲ੍ਹ ਕੇ ਤੇ ਇਕ ਡਿਸਪੈਂਸਰੀ ਨੂੰ ਖੋਲ੍ਹ ਕੇ ਲੋਕ ਸੇਵਾ ਹਿਤ ਅਰਪਨ ਕੀਤੀ । ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਨਾਲ ਪੂਰਾ ਨੇਹੁ ਸੀ । ਉਹਨਾਂ ਦੀ ਯਾਦ ਵਿਚ 8 ਸਿਤੰਬਰ ਦਿਨ ਸ਼ੁਕਰਵਾਰ ਨੂੰ ਇਕ ਭਾਰੀ ਸਮਾਗਮ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫੁਰਮਾਇਆ ਕਿ ਸੰਤਾਂ ਦੀ ਯਾਦ ਵਿਚ ਇਕ ਘੰਟਾ ਨਾਮ ਸਿਮਰਨ ਦਾ ਰੋਜ਼ਾਨਾ ਹੋਣਾ ਚਾਹੀਦਾ ਹੈ । ਅਤੇ ਸ਼ਰਧਾਂਜਲੀ ਅਰਪਨ ਕੀਤੀ ।

× × × ×

ਸੰਤ ਤਰਨ ਸਿੰਘ ਜੀ ਵਹਿਮੀ ਦੇ ਅਕਾਲ ਚਲਾਣੇ ਤੇ ਅਦਾਰਾ ਨਿਰੀਖਿਅਕ ਭਰਪੂਰ ਸ਼ਰਧਾਂਜਲੀ ਅਰਪਨ ਕਰਦਾ ਹੈ । ਸੰਤਾਂ ਦਾ ਸਾਰਾ ਜੀਵਨ ਸਤਿਗੁਰੂ ਜੀ ਦੇ ਪ੍ਰਤੀ ਪਿਆਰ ਅਤੇ ਇਤਿਹਾਸ ਦੀ ਖੋਜ ਵਿਚ ਹੀ ਬਤੀਤ ਹੋਇਆ । ਉਹਨਾਂ ਦੀਆਂ ਅਨੇਕ ਲਭਧਾਂ ਸਾਨੂੰ ਸਦਾ ਲਈ ਪ੍ਰੇਰਦੀਆਂ ਰਹਿਣਗੀਆਂ ।

★

ਰੋਗ ਤੇ ਇਲਾਜ

ਕੁਕਰੇ (ਰੋਹੇ)

ਅੱਖ ਦੇ ਅੰਦਰਲੇ ਪਾਸੇ ਛੋਟੀਆਂ ਗਿਲਟੀਆਂ ਫੁੱਲਕੇ ਰੇਤੇ ਦੀ ਤਰ੍ਹਾਂ ਰੜਕਣ ਲਗ ਜਾਂਦੀਆਂ ਹਨ, ਜਿਨ੍ਹਾਂ ਤੋਂ ਬਹੁਤ ਪੀੜ ਹੁੰਦੀ ਹੈ। ਅੱਖਾਂ ਲਾਲ ਹੋ ਜਾਂਦੀਆਂ ਹਨ, ਪਾਣੀ ਵਗਦਾ ਰਹਿੰਦਾ ਹੈ। ਕਿਸੇ ਸਿਆਣੇ ਡਾਕਟਰ ਨੂੰ ਵਿਖਾਕੇ ਇਸ ਰੋਗ ਦਾ ਇਲਾਜ ਕਰਾਉਣਾ ਚਾਹੀਦਾ।

ਸਾਧਾਰਣ ਉਪਾਉ ਹੈ ਕਿ—ਕਿਸ਼ਟੇ ਚਾਲੀ ਤੋਲੇ, ਹਰੜਾਂ ਦੀ ਛਿੱਲ ਤਿੰਨ ਤੋਲੇ, ਇਨ੍ਹਾਂ ਸਭਨਾਂ ਨੂੰ ਅਧ ਅਧ ਸੇਰ ਪਾਣੀ ਵਿਚ ਜੁਦਾ ਜੁਦਾ ਭਿਉਂ ਕੇ ਚਾਰ ਪਹਿਰ ਰਖ ਛਡੋ। ਫੇਰ ਸਭ ਨੂੰ ਮਲਕੇ ਪਾਣੀ ਛਾਣ ਲਵੋ ਅਤੇ ਫੋਕੜ ਸੁੱਟ ਦੇਵੋ। ਇਸ ਪਾਣੀ ਨੂੰ ਲੋਹੇ ਦੇ ਬਰਤਨ ਵਿਚ ਪਕਾਵੋ, ਵਿਚ ਇਕ ਤੋਲਾ ਫਟਕੜੀ ਅਤੇ ਇਕ ਤੋਲਾ ਅਫ਼ੀਮ ਪਾ ਦੇਵੋ। ਜਦ ਗਾੜ੍ਹਾ ਰਸ ਹੋ ਜਾਵੇ ਤਾ ਸ਼ੀਸ਼ੀ ਵਿਚ ਪਾਕੇ ਮੁਖ ਬੰਦ ਕਰਕੇ ਰਖੋ। ਸਲਾਈ ਨਾਲ ਇਹ ਦਵਾ ਅਖੀਂ ਪਾਉਣ ਤੋਂ ਰੋਹੇ ਹਟ ਜਾਂਦੇ ਹਨ।

ਜਿਸਤ ਅਤੇ ਤਾਂਬੇ ਦੀ ਭਸਮ ਸੁਰਮੇ ਵਿਚ ਮਿਲਾਕੇ ਸਲਾਈ ਨਾਲ ਅੱਖੀ ਪਾਉਣੀ ਲਾਭਦਾਇਕ ਹੈ। ਸੌਣ ਵੇਲੇ ਗੁਲਾਬ ਦੇ ਅਰਕ ਨਾਲ ਅੱਖਾਂ ਧੋਣੀਆਂ ਅਤੇ ਗਰਦ ਤਥਾ ਧੁੱਪ ਤੋਂ ਬਚਾਕੇ ਰੱਖਣੀਆਂ ਚਾਹੀਦੀਆਂ ਹਨ।

(ਦੱਦ-ਧੱਦਰ Ringworm)

ਮੈਲਾ ਰਹਿਣ ਅਤੇ ਮੈਲਾ ਪਾਣੀ ਲਗਣ ਤੋਂ ਗਿਲਾ ਵਸਤ੍ਰ ਪਹਿਰਨ ਤੋਂ, ਲਹੂ ਦੀ ਖਰਾਬੀ ਤੋਂ ਇਹ ਰੋਗ ਹੁੰਦਾ ਹੈ। ਵੈਦਕ ਵਿਚ ਇਹ ਛੋਟੇ ਕੋੜਾਂ ਅੰਦਰ ਗਿਣਿਆ ਹੈ। ਇਸ ਦੇ ਭੀ ਕੀੜੇ ਹੁੰਦੇ ਹਨ, ਜੋ ਖੁਰਕਣ ਤੋਂ ਵਧਦੇ ਰਹਿੰਦੇ ਹਨ। ਦੱਦ ਵਿਚ ਮੱਠੀ ਮੱਠੀ ਖਾਜ ਉਠਦੀ ਹੈ। ਜਿਆਦਾ ਖੁਰਕਣ ਤੋਂ ਤ੍ਵਚਾ ਉੱਚੜ ਜਾਂਦੀ ਹੈ, ਪਾਣੀ ਨਿਕਲਨ ਲਗਦਾ ਹੈ ਅਤੇ ਜਲਨ ਪੈਦਾ ਹੁੰਦੀ ਹੈ।

ਇਸ ਤੋਂ ਛੁਟਕਾਰਾ ਪਾਉਣ ਦਾ ਉਪਾਉ ਇਹ ਹੈ ਕਿ ਗੰਧਕ ਦੇ ਸਾਬੂਣ ਨਾਲ ਦੱਦ ਵਾਲਾ ਥਾਂ ਧੋਕੇ ਹੇਠ ਲਿਖੀ ਦਵਾ ਵਰਤਣੀ ਚਾਹੀਦੀ ਹੈ—

ਕੱਥ, ਮਾਜੂ, ਗੰਧਕ, ਤੇਲੀਆ, ਸੁਹਾਗਾ ਚੌਹਾਂ ਨੂੰ ਕਪੜਛਾਣ ਕਰਕੇ ਕੂੰਡੇ ਵਿਚ ਪਾਣੀ ਦੇ ਛਿਟੇ ਦੇਕੇ ਅਜੇਹਾ ਘੋਟੋ ਜੋ ਲੇਸ ਛਡ ਦੇਣ। ਇਸ ਦੀਆਂ ਗੋਲੀਆਂ ਵੱਟਕੇ ਛਾਵੇਂ ਸੁਕਾ ਲੈਣੀਆਂ। ਇਹ ਗੋਲੀ ਪਾਣੀ ਨਾਲ ਘਿਸਾਕੇ ਦੱਦ ਉਪਰ ਲੇਪ ਕਰਨੀ ਅਰ ਜਦ ਤੀਕ ਦਵਾ ਖੁਸ਼ਕ ਨ ਹੋ ਜਾਵੇ ਵਸਤ੍ਰ ਨਾਲ ਅੰਗ ਨਹੀਂ ਢਕਣਾ ਚਾਹੀਦਾ।

ਚਰਾਇਤਾ ਆਦਿ ਲਹੂ ਸਾਫ਼ ਕਰਨ ਵਾਲੀਆਂ ਔਖਧਾਂ ਵਰਤਣੀਆਂ ਗੁਣਕਾਰੀ ਹਨ। ਦੱਦ ਦੇ ਰੋਗੀ ਨੂੰ ਲਹੂ ਵਿਚ ਜੋਸ਼ ਕਰਨ ਵਾਲੇ ਤੀਖਣ ਪਦਾਰਥ, ਤਲੀਆਂ ਹੋਈਆਂ ਚੀਜ਼ਾਂ ਕੱਚਾ ਮਿੱਠਾ ਨਹੀਂ ਖਾਣਾ ਚਾਹੀਦਾ।

(ਦਾਹ)

ਇਕ ਰੋਗ, ਜਿਸ ਤੋਂ ਬਹੁਤ ਪਿਆਸ ਲਗਦੀ ਅਤੇ ਗਲ ਸੁਕਦਾ ਹੈ। ਜਲਨ, ਸੜਨ, ਦਾਹ ਵੈਦਕ ਅਨੁਸਾਰ ਪਿੱਤ ਦਾਹ, ਮਦਾਤ੍ਯ ਦਾਹ ਆਦਿ ਇਸ ਦੇ ਸੱਤ ਭੇਦ ਹਨ—ਸਰੀਰ ਵਿਚ ਗਰਮੀ ਬਹੁਤ ਵਧਣ, ਖ਼ੂਨ ਦੇ ਜੋਸ਼ ਮਾਰਨ, ਤ੍ਰਿਖਾ ਰੋਕਣ, ਬਹੁਤ ਸ਼ਰਾਬ ਪੀਣ, ਬਹੁਤ ਭੰਗ ਕਰਨ, ਬਹੁਤ ਮਿਹਨਤ ਕਰਨ, ਨਿਰਾਹਾਰ ਵਰਤ ਰੱਖਣ, ਨਰਮ ਅਸਥਾਨ ਤੇ ਸੱਟ ਵਜਣ ਆਦਿ ਕਾਰਨਾ ਤੋਂ ਦਾਹ ਰੋਗ ਹੁੰਦਾ ਹੈ।

ਦਾਹ ਤੋਂ ਦਿਲ ਅਤੇ ਸ਼ਰੀਰ ਸੜਦਾ ਪ੍ਰਤੀਤ ਹੁੰਦਾ ਹੈ, ਜੀ ਘਬਰਾਉਂਦਾ ਹੈ, ਸਿਰ ਚਕਰਾਉਂਦਾ ਹੈ, ਖਾਣਾ ਪੀਣਾ ਨਹੀਂ ਭਾਉਂਦਾ।

ਇਸ ਦੇ ਸਾਧਾਰਣ ਇਲਾਜ ਇਹ ਹਨ—

ਜਿਨ੍ਹਾਂ ਕਾਰਨਾਂ ਤੋਂ ਦਾਹ ਹੋਈ ਹੋਵੇ ਉਨ੍ਹਾਂ ਦਾ ਤਿਆਗ ਕਰਨਾ, ਤਿਖੇ ਰੁਖੇ ਬੋਝਲ ਖਾਣੇ ਛਡਕੇ ਨਰਮ ਅਤੇ ਸਾਤਕੀ ਭੋਜਨ ਵਰਤਣੇ। ਸ਼ਰੀਰ ਉਤੇ ਆਉਲੇ, ਬੇਰ ਦੀ ਛਿੱਲ ਅਥਵਾ ਸੀਤਲ ਜਲ ਵਿਚ ਚੰਦਨ ਦੇ, ਮੂੰਹ ਤੇ ਛਿਟੇ ਮਾਰਨੇ ਅਤੇ ਪੀਣਾ, ਨਹਿਰ ਨਦੀ, ਫੁਹਾਰੇ ਪਾਸ ਬੈਠਣਾ, ਗੁਲਾਬ ਆਦਿ ਇਤਰ (ਅਤਰ) ਸੁੰਘਣੇ, ਸ਼ਰਬਤ ਸੰਦਲ, ਸੰਗਤਰਾ, ਨਿੰਬੂ, ਅਨਾਰ ਆਦਿ ਦਾ ਵਰਤਣਾ। ਬਹੁਤ ਨਰਮ ਅਤੇ ਸੀਤਲ ਜੁਲਾਬ ਦੀਆਂ ਦਵਾਈਆਂ ਦਾ ਸੇਵਨ ਕਰਨਾ, ਜਿਨ੍ਹਾਂ ਤੋਂ ਅੰਤੜੀ ਵਿਚ ਮਲ ਨ ਰਹੇ।

ਦਮਾ—

ਇਕ ਫੇਫੜੇ ਦਾ ਰੋਗ, ਸ੍ਵਾਸ ਰੋਗ (Asthma) ਕਫ ਪ੍ਰਧਾਨ ਪ੍ਰਾਣਵਾਯੂ, ਅੰਨ ਅਤੇ ਜਲਵਾਹੀ ਸ੍ਰੋਤਾਂ ਵਿਚ ਰੁਕ ਕੇ ਸ੍ਵਾਸ ਦੀਆਂ ਨਾਲੀਆਂ ਨੂੰ ਭਰ ਦਿੰਦਾ ਹੈ, ਤਦ ਸਾਹ ਖਿਚ ਕੇ ਦੁਖ ਨਾਲ ਆਉਂਦਾ ਹੈ। ਫੇਫੜੇ ਦੀਆਂ ਨਲਕੀਆਂ ਵਿਚੋਂ ਸੀਟੀ ਜੇਹੀ ਆਵਾਜ਼ ਨਿਕਲਦੀ ਹੈ। ਮਨ ਵਿਚ ਘਬਰਾਹਟ, ਮੱਥਾ ਭਾਰੀ, ਪੇਟ ਦਾ ਫੁਲਣਾ, ਖੰਘ ਵੇਲੇ ਕਸ਼ਟ, ਕਦੇ ਕੈਅ ਆ ਜਾਣੀ ਆਦਿ ਇਸ ਦੇ ਲੱਛਣ ਹਨ। ਦਮਾ ਦੁਪਹਿਰ ਪਿਛੋਂ ਅੱਧੀ ਰਾਤ ਤਕ ਜ਼ਿਆਦਾ ਦੁਖ ਦਿੰਦਾ ਹੈ। ਵੈਦਕ ਗਰੰਥਾਂ ਵਿਚ ਦਮੇ ਦੇ ਪੰਜ ਭੇਦ ਲਿਖੇ ਹਨ —

ਮਹਾਂ ਸ੍ਵਾਸ, ਊਰਧ ਸ੍ਵਾਸ, ਛਿੱਨ ਸ੍ਵਾਸ, ਤਮਕ ਸ੍ਵਾਸ ਅਤੇ ਕੁਦ੍ਰ ਸ੍ਵਾਸ।

ਦਮੇ ਦੇ ਕਾਰਣ ਹਨ—ਰੁੱਖੇ ਭਾਰੀ ਅਤੇ ਕਾਬਿਜ ਪਦਾਰਥ ਖਾਣੇ, ਕਫ਼ ਵਧਾਉਣ ਵਾਲੀਆਂ ਚੀਜ਼ਾਂ ਵਰਤਣੀਆਂ, ਬੇਹਾ ਖਾਣਾ, ਬਹੁਤ ਠੰਡਾ ਪਾਣੀ ਪੀਣਾ, ਧੂੰਅ ਅਤੇ ਧੂੜ ਫੱਕਣੀ, ਬਹੁਤ ਸ਼ਰਾਬ ਪੀਣੀ, ਬਹੁਤ ਮੈਥੁਨ

ਕਰਨਾ, ਫਾਕੇ ਕਰਨੇ, ਪਿਆਸ ਰੋਕਣੀ, ਮਲ ਮੂਤਰ ਰੋਕਣਾ ਆਦਿ। ਇਹ ਰੋਗ ਮਾਤਾ ਪਿਤਾ ਤੋਂ ਭੀ ਸੰਤਾਨ ਨੂੰ ਹੋਇਆ ਕਰਦਾ ਹੈ।

ਦਮੇ ਦੇ ਸਾਧਾਰਨ ਇਲਾਜ ਇਹ ਹਨ—

੧. ਕਾਲੀਆਂ ਮਿਰਚਾਂ ਅਤੇ ਗੁੜ ਮਿਲਾ ਕੇ ਖਵਾਉਣੀਆਂ।

੨. ਅਦਰਕ ਦਾ ਰਸ ਸ਼ਹਿਦ ਮਿਲਾ ਕੇ ਚਟਾਉਣਾ।

੩. ਬਾਂਸੇ ਦੇ ਕਾੜ੍ਹੇ ਵਿਚ ਸ਼ਹਿਦ ਮਿਲਾ ਕੇ ਪਿਆਉਣਾ।

੪. ਬਿੱਲ ਪੱਤਰ ਦਾ ਕਾੜ੍ਹਾ ਸ਼ਹਿਦ ਮਿਲਾ ਕੇ ਦੇਣਾ।

੫. ਬਾਰਾਸਿੰਗੇ ਦਾ ਕੁਸ਼ਤਾ ਮੁਨੱਕਾ ਦਾਖ ਵਿਚ ਦੇਣਾ।

੬. ਜੌਂ ਦੇ ਕਸੀਰ ਲੈ ਕੇ ਕੁੱਜੇ ਵਿਚ ਪਾ ਕੇ ਅੱਕ ਦੇ ਦੁੱਧ ਨਾਲ ਤਰ ਕਰਕੇ, ਕੁੱਜੇ ਦਾ ਮੂੰਹ ਬੰਦ ਕਰਕੇ ਪਾਥੀਆਂ ਵਿਚ ਰੱਖ ਦੇਣੇ, ਠੰਡਾ ਹੋਣ ਤੇ ਜੌਂ ਤੇ ਕਸੀਰਾਂ ਨੂੰ ਪੀਹ ਲੈਣਾ। ਦੋ ਚੋਲ ਤੋਂ ਦੋ ਰੱਤੀ ਤੀਕ ਸ਼ਹਿਦ ਜਾਂ ਮੁਨੱਕਾ ਦਾਖ ਵਿਚ ਖਵਾਉਣੇ।

੭. ਬਨਫਸ਼ਾ ਛੇ ਮਾਸ਼ੇ, ਕਾਹਜ਼ਬਾਂ ਛੇ ਮਾਸ਼ੇ, ਅੰਜੀਰ ਦੋ ਦਾਣੇ, ਉਨਾਬ ਸੱਤ ਦਾਣੇ, ਲਸੂੜੀਆਂ ਗਿਆਰਾਂ। ਇਹਨਾਂ ਸਭ ਦਵਾਈਆਂ ਨੂੰ ਰਾਤ ਨੂੰ ਭਿਉਂ ਰਖਣਾ, ਸਵੇਰੇ ਉਬਾਲ ਕੇ ਥੋੜ੍ਹੀ ਖੰਡ ਮਿਲਾ ਕੇ ਰੋਗੀ ਨੂੰ ਪਿਆਉਣੀ।

ਦਮੇ ਦੇ ਰੋਗੀ ਨੂੰ ਚਾਹੀਦਾ ਹੈ ਕਿ ਭੋਜਨ ਪਿਛੋਂ ਦੋ ਘੜੀ ਤੀਕ ਪਾਣੀ ਨਾ ਪੀਵੇ ਅਤੇ ਪਾਣੀ ਬਹੁਤ ਘਟ ਪੀਵੇ। ਨਰਮ ਅਤੇ ਸੁਥਰੀ ਗਿਜ਼ਾ ਖਾਵੇ। ਖਟਾਈ, ਚਿਕਨੀ ਅਤੇ ਲੇਸਲੀਆਂ ਚੀਜ਼ਾਂ ਤੋਂ ਪ੍ਰਹੇਜ਼ ਕਰੇ।

★

There is the Sun

Nihal Singh B A.

Since the birth of this Universe the Divine and Devil forces came into existance. The sweet stream of spiritualism sprang up and has been running through dales, valleys, forests and fields winding up and down and going towards its goal watering gardens, meadows, and turning barren lands and deserts into orcherds. It is neither dry nor in spate. Its silvery voice gladens hearts while ill-natured feel sick of it. As it is not longed by them, so they leave no stone unturned to do their worst to stop its course and sourse; but it goes on as usual. Evil forces dance, whenever it flows a little less, but flee when it makes its re-appearance.

History narrates that Lord Rama was greatly disturbed by Ravana, similarly Krishan by Kansa. But in the long run there was the truimph of godly people. In the Dark age of '*Kalyug*,' light of Heaven, no, no Master of Sikhas, Guru Nanak, desirous of perpetual light to shed darkness descended from skies. Alas ! in his noble path a big and high diversion has been being tried to be erected up to now with the modern scientific material. Who can deny the fact ? Sh. Datu and Dasu, sons of Guru Angad Dev, rushed forwards to collect material for their evil designs. They kicked the old Sage, Guru Amardas and made away whatever they could lay their hands upon. Prithi Chand, requested Sulhi Khan to punish Guru Arjan Dev, but the biter was bit Sulhi Khan met dogs death. Jahangir whose great grand father had been blessed with the crown of India, took this Holy Line as a false shop which must be stopped or demolished. So Guru Arjan Dev was tortured to death.

After Guru Harkrishan twenty-two Sodhis made proclamation for this holy seat, but Makhan Shah, a leading business man revealed the truth. Dhirmal getting beside with rage could not tolerate this rising moon. He thought his gun would shatter the light. Similarly the priests of Harmander Sahib of Amritsar closed the doors for him in order to win the game but the poor fellows knew little that Heavenly Light has no obstacles in its way. They move where ever they like.

Aurangzeb, was too short-sighted. He thought he could extinguish the sparks by beheading Guru Tegbahadur. But soon after Guru Gobind Singh became eye sore for him. His nights began to pass restlessly. His bigotry turned

him mad. Orders were issued to present the Guru before him alive or dead. His cunning generals and the coward Pharias on false vows made Guru Gobind Singh say good-bye to the loving fort, Anandpnr was plundered and destroyed. His mother and two sons were brutally killed, but the saviour of humanity sang "The friend's humble straw bed is more comfortable than opponent's flowery bed."

The Guru forgetting all oppression, brutality and tyrany, helped Bahadur Shah in getting him the throne, but as the latter became the Emperor of India, he appeared in his true colours, like, his father and he issued orders to axe the followers of the Guru—Kush Nanak Prastan. The Punjab was a big slaughter House for the Sikhs. Some were torn from limb to limb. The distinguished Sikh personalities, like Bhai Mani Singh, Taru Singh, Sabegh Singh and thousands more were thrown into the furnance of death. Even women folk were not spared. They were made grind flour 1¼ mand in weight. Their lovely babies were speared down and put into the laps of their mothers out of fun. A rewared of Rs. 80.00 was given to the wretch, who presented a head of a sikh. The great plunderer, Ahmad Shah Abdali raised the Golden Temple to the ground and the Holy Tank was filled with filth and bones. Why? only to extinguish the Holy Light, lit, by Guru Nanak. Thank God! that the torch handed over by the Great Guru kept lighting the path.

In beginning of seventeenth century the Europeans entered India as business men. But by hook or crook the Britisher took the upper hand and became the rulers of India. They proved worse than the Mughals. They devised new methods to rob and rule. Their goal was to destroy the culture, the faith religion and history of India. In 1849 they devouvered Punjab also. Satguru Ram Singh the 12th successor of Guru Nanak could not tolerate the chains of new slavery. He well understood the Satanic designs. Instead of sword he planned the weapons of non-violence and non-cooperation, boycott of foreign goods, their educational institutions as well as lawcourts and postal system was declared. In realty this plan was a death-knell for the invaders. So they took the Holy Planner enemy of the first rate. It is common for all rulers to create enemity between the communites to have their firm hold over the country. No pains were spared in this dirty game. Mr. J. W. Mecnob, the Commissioner of Ambala division wrote under :- His (Guru Ram Singh) intentions at first might be something else like, but his goal is political. Being the important spiritual head of the community, he is desirous of the Sikh Raj so enemy of the Britishers. (Satguru) Ram Singh was at first considered as Nanak, but now is taken as the incarnation of Guru Gobind Singh, Warrior Revealing reality this letter shook the walls of India office. To punish

Guru Ram Singh and his followers, opperession and repression with diplomacy were let loose. These patriots were put to gallow and even blown to the cannon mouths. Satguru Ram Singh departed under the Bengal Regulation III of 1818. Sri Bhaini Sahib, Gurudwara was looted and polic Post was stationed there The Kookas were treated as criminals. A reign of terrora was a—foot.

On the other hands, Jagirdars and priestly class were pressed into action. So theses hirelings began to discord, ex-communicate and accuse the Kookas.

The hirelings did their worst An unbearable loss to the Sikh community as whole had been inflicted by them. Their work created a gulf between the Sikhs. The history had been badly trampled and a huge diversion in the line of Gurus had been erected. To achieve the mal...ends the baseless and without foundation these words were made pronounce by Guru Gobind Singh at Naded in 1707,—"The Khalsa is the corporate of Guru Granth Sahib. If ye follow that Divine Master ye will never go astray. My blessing to ye all."

Mr. Reader ! just judge :-There was no creation of Khalsa in 1752 BK (1668). Guruji arrived at Naded in 1765 BK (1708). Amrit was introduced in 1756 BK. After passing through woe and wail he reached Abchal Nager in 1765 B.K. (1708). But Pandit Perhlad Singh goes to install Guruship on Granth Sahib in 1752 BK. (1695) But how it could be ?

The above qoated words are with Rahit Namas of Pandit Perhlad Singh. When we go through the Rahit Nama, without any doubt come to the conclusion. That the cuplets are newly fabricated. The clever hand not only did compose the verse, but gave the year also, so that the Rahit Nama might be considered complete in all respects. But he did not know that giving of era would make all fuss. The buble would burst. The given year is 1756 B.K. Corres ponding to 1699. It requires no clarification or verification.

The fact is also revealed by S. Sohan Singh Josh in the Kaumi Ekta, August, 76, at page 7 that confirms these vievs words for word. He says the condition was so deplorable, that it happened, what was willed, by the British officers. In the Sikh world even a leaf without their hint could not stir, Religion or their religious institutions (Gurudwaras), were under their direct control. The Deputy Commissioner was a dictator of the Gurudwaras and the pujaries always harped upon his tune."

The matter did not end here. Constant efforts had been tried to derail the running train from the true track. For example, there was one, Sh. Nihal Singh. Writer of the Khurshid Khalsa, in which Guru Ram Singh had been placed at the proper place in the lineage of Guru Nanak and righful heir. After Guru Gobind Singh. The scholars of esteam paid glow in tributes to the writer and the book.

Mahant Sumer Singh of Patna out of sincerity said :

True all true ! in every respect the Khurshid Khalsa hopes of many has risen. On the other hand, the man was thrown in the whirl pool of hatered. The Singh Sabhis at the instance of the new Masters, bittery criticised. The poor fellow was forced to mould his pen. The clear cut proof is its next edition where in glaring words it is depicted :

—Singh Sahib Ram Singh Kai Nam Kai Agai Guru Ka Shabad Nahi Sikha jug—In future Guru bad word would not be written before Singh Sahib Ram Singh"—A silver key opens all the doors and some time by this Master Key several other locks are rendered useless. A huge sum for its publication was granted to the auther.

The writers were under the debt of gratitude and expressed their humble thanks for that act of kindness. They openly made the declaration as under :

"The undersigned is highly obliged to C.C. Gladstone esquire Deputy Commisioner Umbala. T.H.R. Drummond Major Contingent state forces and Deputy Commissioner Jullunder, who have conferred large contribution for the publication of the work and who are real welwishers of the Sikh community."

He expects the continuence of this petronage and kindly assistance till the completion of whole work.

Yours
Baba Nihal Singh and
Surmukh Singh
Shri Har Gobindpurian

Upon this writers were stunned and got frightened. So they changed the course of writing and expressions, and began to say ditto to the new Masters. Dr. Ganda Singh the loyal and faithful historion is one of that catagory, who tried his pen over Guru Ram Singh and the Kookas to the same tune. He remarked that the great movement of the Kookas, mere a religious one started by Guru Balak Singh, one of the disciples of the Saint Jawahar Mall. His words can never refute the utterance of Giani Gian Singh as well as Baba Sumer Singh of Patana, who make reference to the appearance of Guru Gobind Singh after Naded incident, extending help in various ways to his devoties in the hour of need and finely entrusting the Guruship to Guru Balk Singh at a beautiful between the Harron and the Sindh.

Although multitude of people, obtaining Name of God from (guru) Balak Singh crossed the ferry (sea of fear).

Yet revelation from the skies directed him to bestow name and deliverance upon human beings.

The tenth Lord met and revealed him that his incarnation would manifesto in the form of Ram Singh.

For sake of this having none other purpose, he (Guru Gobind Singh) his own power invested Him (G.B.S.) 209.

But where selfishness resides the Truth evades. So the writers during the British regime knowingly or unknowingly, in the history books or other text books made no mention of Guru Ram Singh Truth is ever Green. After Guru Ram Singh's deportation—. Guru Hari Singh kept fire burning and community in warmth. Satguru Partap Singh Ji toured India and abroad and turned the swollen-head, drunkered and meat-eaters wretches into Saints. Every assistance in kind or coin was extended for freedom of India, shoulder to shoulder with parties fighting for this cause. There after Satguru Jagjit SinghJis in storm of discordes and conflicts, his best efforts are to establish peace, fratarnity and Universal Brotherhood. Who can deny the fact ? India won freedom in 1947 through the programme as chalked out and launched by that Lord Ram Singh. Alas some of the writes are in slumber while the true Sikhs, of Guru Gobind Singh. Namdharies in various fields of life in honour and dignity are found all over the world with high respects. It is all due to the sun, whose rays enlighten and gladden their heart and lends warmth too.

Menacc of Smoking "Bronchogenic Canncer"

★ Dr. Avtar Singh

Smoking of tobacco was a habit among the American Indians when the North American continent was settled by Europeans. At first smoking of tobacco was believed to confer medicinal benefit upon the individual but latter it was considered as a Luxury. It was designated as a "Herba panacea."

It is of interest that man clings tenaciously to the drinks which affect his central nervous system, viz. alcohol coffee and tea. The substances which be smokes, such as opium, marihuna and tobacco, also affect him psychically— The German word "Genussgift" has been applied to nicotine as a constituent of tobacco. It means "Poison of enjoyment "

The following problems of special clinical interest :-

1. Diseases in which smoking is contra-indicated :—Nicotine produces peripheral vasoconstriction. This effect results in an increased arterial tension. In addition Cardiac acceleration may occur concomitantly.

A habitual smoker produced the following changes :-

1. Increase in Systolic blood pressure of 10 to 25 mm.
2. Acceleration of pulse of 5—20 beats/min.
3. Drop in skin temperature of 2 to 5°C (finger) 3—7°C (toe).

The effects are transient and as a rule last for only a few minutes.

In the following disease conditions smoking is contra indicated :—

1. Buerger" disease.
2. Raynaud" disease.
3. Hypertension (Blood pressure)
4. Post Coronary conditions and Angina pectoris. (Heart troubles)
5. Peptic ulcer
6. Bronchial coughs.
7. Pre-mature births

Tobacco strictly forbidden in all diseases mentioned above.

Smoking and Bronchogenic Cancer :—Sadowsky etal. (1953) studied the

retrospective smoking histories of 1990 patients with Cancer of lip, tonuge, pharynx, oesophagus, larynx and lung. These were compared with those of 615 patients with illness other than Cancer. Their data was statistically analyzed. From these they concluded that there was statistical association

1. Between pipe smoking and Cancer of Lip.
2. Between cigarette smoking and Laryngeal Cancer.
3. Between cigarette smoking and Cancer of Lungs.

In this study the rate of incidence of Lung Cancer was 5 times greater among smokers than among non smokers

Wynder States : "Tobacco smoking, and especially cigarettes smoking, plays a role in the causation of Lung Cancer. This statement does not deny the role of other factors in the development of this disease.

One of the harmful effects of tobacco is due to nicotine absorption. This can be diminished by the use of low nicotine tobaccos, avoidence of inhalation of the smoke and the use of filters and holders for cigarette as condensers for the nicotine and tars still remains harmful.

In a report of the Royal College of Physicans of London on smoking in relation to lung Cancer and other diseases, the following comments are of interest. It appears advisable to reduce the nicotine content and tars of tobacco used in making the cigarette. Filter tips are advantageous in the reduction of tars and nicotine that appear in the smoke. However, it take years to assess accurately the the effect of these measures in reducing the harmful effects of smoking.

Gurbani

1. Light of God is within all.
By His Light, The Light shines.
By the Guru's Instruction that light
become into being.

(—*Dhanasri—Kirtan Sohila*)

2. The Greater Master is obtained by
The Grace of the Inlightener.

(—*Jap Ji*)

3. On whom His grace rains, is honoured.
None else can counsel Him.
God and Guru are One
Nanak says that Great True Lord willed so.

(—*Maru—1043*)

4. The Guru is Shiv;
The Guru is Vishanav;
The Guru is Burma;
The Guru is Parbati, Lakshmi and Saraswati,
If I know, I can't utter.
The Guru has explained one thing,
He is the Beneficent of all beings,
I may never forget Him.

(—*Jap Ji*)

5. Brother ! The Diamond Lord is within The Guru.
With the association of saintly people
The Guru is obtained.
O Dear ! praise Him with the word (Nam)
day and night.

(*—Sri Rag 22*)

6. The Guru is the ocean of Jewels
and there are boundless pearls:

(*—Asa—437*)

7. In the Guru—River runs pure water,
Which washers the dirt of follies.
The real bath is to go to the Guru,
Who turns the animals and friends into
gods. (Saintly people)

(*—Parbhati 1329*)

8. O Brother ! without The Guru
no wisdom is gained.
Go and ask Burma, Narad and Vayas
The writer of the Vedas.

(*—Sri Rag*)

9. The Guru is the Giver, The Guru is the
House of ice and lamp of three worlds
Nanak says that the eternal wealth
Only goes to him, who puts faith in the Guru.

(*Var Maj*)

10. If the Gracious Master shows Mercy,
Then The Guru is received.
The soul had wandered through many births,
Then the True Guru puts His Name
into the ears
People of the world ! Listen, there is
no beneficient greater than True Guru.
One meets The True Guru surrenders
himself totally, obtains the
Truth, which is revealed to all.

(*—Asa*)

11. If hands, feet and other parts
of the body are soiled, They are
cleaned with water.
The clothes polluted with urine
can be washed with soap.
If soul is defiled with sins.
Only be purified with the Name of God
(Granted by the True Guru)

(—*Jap Ji*)


12. Believing in the Name of God, one
liberates the whole family and ancestry
Believing in the Name of God are
liberates the company in whose heart He abides.
Believing in the Name of Lords one hears
recites and utters Him and wins salvation.
Believing in the Name of Master one is
rid of pain and hunger as he
practises it with devotion.
Nanak says that they only praise Him
Who associate with the God-man.

(*Var Sarang—1241*)

With best compliments from :

Hari Partap Engineering Works

Engineer & General Order Suppliers



Unique Manufacturers of

Various Type of
Hydraulic Press,
Hand & Power Operated

from

10 Tons to 500 Tons

Suitable for :

Auto Garrages
Broaching
Pressing
Moulding &
Straightening etc.

Hari Partap Engineering Works

25-1/C, Gali No. 10,
Industrial Area, New Rohtak Road,
NEW DELHI-110005

Phone : 562145